GARY'S
ਸਪੈਸ਼ਲ ਗੈਰੀ ਪੀਜ਼ਾ ਸਵਾਦਿਸ਼ਟ ਪਨੀਰ ਰੈਪ ਤੇ ਬਰਗਰ
ANY 2 LARGE PIZZAS -£9.99
ANY 2 EX LARGE PIZZAS -£11.99
57 Western Road, Southall
020 8571 3311

PANJAB TIMES
# ਪੰਜਾਬ ਟਾਈਮਜ਼
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
Wednesday 24 May, 2023
Europe's Leading Panjabi Weekly Since 1965

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact: S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਵਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

# ਦੋ ਹੋਰ ਆਸਟ੍ਰੇਲੀਆਈ ਯੂਨੀਵਰਸਿਟੀਆਂ ਨੇ ਪੰਜਾਬ ਸਮੇਤ ਕਈ ਸੂਬਿਆਂ ਦੇ ਵਿਦਿਆਰਥੀਆਂ ‘ਤੇ ਲਗਾਈ ਪਾਬੰਦੀ

ਆਸਟਰੇਲੀਆ ਦੀਆਂ ਦੋ ਹੋਰ ਯੂਨੀਵਰਸਿਟੀਆਂ ਨੇ ਫ਼ਰਜ਼ੀ ਵੀਜ਼ਾ ਅਰਜ਼ੀਆਂ ਵਿੱਚ ਵਾਧੇ ਨੂੰ ਲੈ ਕੇ ਤਾਜ਼ਾ ਚਿੰਤਾਵਾਂ ਦੇ ਜਵਾਬ ਵਿੱਚ ਕੁਝ ਭਾਰਤੀ ਵਿਦਿਆਰਥੀਆਂ ਦੇ ਦਾਖ਼ਲੇ ‘ਤੇ ਪਾਬੰਦੀ ਲਗਾ ਦਿੱਤੀ ਹੈ। ਵਿਕਟੋਰੀਆ ਵਿੱਚ ਫੈਡਰੇਸ਼ਨ ਯੂਨੀਵਰਸਿਟੀ ਅਤੇ ਨਿਊ ਸਾਊਥ ਵੇਲਜ਼ ਵਿੱਚ ਪੱਛਮੀ ਸਿਡਨੀ ਯੂਨੀਵਰਸਿਟੀ ਨੇ ਪਿਛਲੇ ਹਫ਼ਤੇ ਸਿੱਖਿਆ ਏਜੰਟਾਂ ਨੂੰ ਪੱਤਰ ਲਿਖ ਕੇ ਪੰਜਾਬ, ਹਰਿਆਣਾ, ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਦੇ ਨਾਲ-ਨਾਲ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ ਵਿਦਿਆਰਥੀਆਂ ਦੇ ਦਾਖ਼ਲੇ ਨਾ ਕਰਨ ਦੀ ਹਦਾਇਤ ਦਿੱਤੀ ਸੀ।

ਫੈਡਰੇਸ਼ਨ ਯੂਨੀਵਰਸਿਟੀ ਦੇ ਏਜੰਟਾਂ ਨੂੰ ਲਿਖੇ ਪੱਤਰ ਵਿੱਚ ਕਿਹਾ, ਯੂਨੀਵਰਸਿਟੀ ਨੇ ਗ੍ਰਹਿ ਮਾਮਲਿਆਂ ਦੇ ਵਿਭਾਗ ਦੁਆਰਾ ਕੁਝ




ਭਾਰਤੀ ਖੇਤਰਾਂ ਤੋਂ ਇਨਕਾਰ ਕੀਤੇ ਗਏ ਵੀਜ਼ਾ ਅਰਜ਼ੀਆਂ ਦੇ ਅਨੁਪਾਤ ਵਿੱਚ ਮਹੱਤਵਪੂਰਨ ਵਾਧਾ ਦੇਖਿਆ ਹੈ। ਦ ਹੇਰਾਲਡ ਵਿੱਚ ਪ੍ਰਕਾਸ਼ਿਤ ਪੱਤਰ ਵਿੱਚ ਲਿਖਿਆ, ਸਾਨੂੰ ਉਮੀਦ ਸੀ ਕਿ ਇਹ ਇੱਕ ਥੋੜ੍ਹੇ ਸਮੇਂ ਲਈ ਮੁੱਦਾ ਸਾਬਤ ਹੋਵੇਗਾ (ਪਰ) ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਇੱਕ ਰੁਝਾਨ ਉੱਭਰ ਰਿਹਾ ਹੈ। ਦੱਸ ਦਈਏ ਕਿ ਪਿਛਲੇ ਮਹੀਨੇ, ਵਿਕਟੋਰੀਆ ਯੂਨੀਵਰਸਿਟੀ, ਐਡਿਥ ਕੋਵਨ ਯੂਨੀਵਰਸਿਟੀ, ਟੋਰੇਨਸ ਯੂਨੀਵਰਸਿਟੀ ਅਤੇ ਦੱਖਣੀ ਕਰਾਸ ਯੂਨੀਵਰਸਿਟੀ ਸਮੇਤ ਆਸਟ੍ਰੇਲੀਆਈ ਯੂਨੀਵਰਸਿਟੀਆਂ ਨੇ ਕੁਝ ਭਾਰਤੀ ਸੂਬਿਆਂ ਦੇ ਵਿਦਿਆਰਥੀਆਂ ‘ਤੇ ਕੰਮ ਕਰਨ ਤੇ ਪੜ੍ਹਾਈ ਨਾ ਕਰਨ ਦੀ ਮੰਗ ਕਰਨ ਵਾਲੀਆਂ ਧੋਖਾਧੜੀ ਵਾਲੀਆਂ ਅਰਜ਼ੀਆਂ ਦੇ ਵਾਧੇ ਦੇ ਜਵਾਬ ਵਿੱਚ ਪਾਬੰਦੀ ਲਗਾਈ ਸੀ।

## ਡਬਲਯੂ. ਐਚ. ਓ. ਦੀ ਚਿਤਾਵਨੀ

# ਆਉਣ ਵਾਲੀ ਕੋਰੋਨਾ ਤੋਂ ਵੀ ਖਤਰਨਾਕ ਬੀਮਾਰੀ ! 2 ਕਰੋੜ ਲੋਕਾਂ ਦੀ ਹੋਵੇਗੀ ਮੌਤ’

ਵਿਸ਼ਵ ਸਿਹਤ ਸੰਗਠਨ ਦੇ ਮੁਖੀ ਡਾ. ਟੇਡਰੋਸ ਅਡਨੋਮ ਘੇਬਰੇਅਸਸ ਨੇ ਕਿਹਾ ਕਿ ਦੁਨੀਆ ਨੂੰ ਇੱਕ ਅਜਿਹੇ ਵਾਇਰਸ ਲਈ ਤਿਆਰ ਰਹਿਣਾ ਚਾਹੀਦਾ ਹੈ ਜੋ ਕੋਵਿਡ ਤੋਂ ਵੀ ਖਤਰਨਾਕ ਹੋਵੇਗਾ। ਇਕ ਰਿਪੋਰਟ ਮੁਤਾਬਕ ਡਬਲਯੂ. ਐਚ. ਓ. ਮੁਖੀ ਨੇ ਕਿਹਾ ਕਿ ਆਉਣ ਵਾਲੇ ਵਾਇਰਸ ਨਾਲ ਘੱਟੋ-ਘੱਟ



2 ਕਰੋੜ ਲੋਕ ਮਾਰੇ ਜਾਣਗੇ। ਦੱਸ ਦੇਈਏ ਕਿ ਹਾਲ ਹੀ ਵਿੱਚ ਗਲੋਬਲ ਹੈਲਥ ਬਾਡੀ ਨੇ ਐਲਾਨ ਕੀਤੀ ਕਿ ਕੋਵਿਡ -19 ਮਹਾਂਮਾਰੀ ਹੁਣ ਸਿਹਤ ਐਮਰਜੈਂਸੀ ਨਹੀਂ ਹੈ।

ਡਬਲਯੂ. ਐਚ. ਓ. ਮੁਖੀ ਨੇ ਜੇਨੇਵਾ ਵਿੱਚ ਆਪਣੀ ਸਾਲਾਨਾ ਸਿਹਤ ਕਾਨਫਰੰਸ ਵਿੱਚ



ਕਿਹਾ ਕਿ ਇਹ ਸਮਾਂ ਆਉਣ ਵਾਲੀ ਮਹਾਂਮਾਰੀ ਨੂੰ ਰੋਕਣ ਦਾ ਹੈ। ਇਸ ਦੇ ਲਈ ਇਹ ਗੱਲਬਾਤ ਨੂੰ ਅੱਗੇ ਵਧਾਉਣ ਦਾ ਸਮਾਂ ਹੈ। ਜੇਨੇਵਾ, ਸਵਿਟਜ਼ਰਲੈਂਡ ਵਿੱਚ ਵਿਸ਼ਵ ਸਿਹਤ ਕਾਨਫਰੰਸ ਦੀ ਇੱਕ ਮੀਟਿੰਗ ਵਿੱਚ ਡਬਲਯੂ. ਐਚ. ਓ. ਮੁਖੀ ਨੇ ਚਿਤਾਵਨੀ ਦਿੱਤੀ ਕਿ ਕੋਵਿਡ -19 ਮਹਾਂਮਾਰੀ ਅਜੇ ਖਤਮ ਨਹੀਂ ਹੋਈ ਹੈ।

ਡਾਕਟਰ ਟੇਡਰੋਸ ਅਡਾਨੋਮ ਗੈਬਰੇਅਸਸ ਨੇ ਕਿਹਾ ਕਿ ਕੋਵਿਡ ਤੋਂ ਬਾਅਦ ਕਿਸੇ ਹੋਰ ਕਿਸਮ ਦੀ ਬਿਮਾਰੀ ਦਾ ਖ਼ਤਰਾ ਹੋ ਸਕਦਾ ਹੈ, ਜਿਸ ਨਾਲ ਮੌਤ ਹੋ ਸਕਦੀ ਹੈ। ਇਹ ਕੋਵਿਡ ਤੋਂ ਵੀ ਖਤਰਨਾਕ ਹੋ ਸਕਦਾ ਹੈ ਅਤੇ ਹੋਰ ਵੀ ਜਾਨਲੇਵਾ ਸਾਬਤ ਹੋਵੇਗੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਦੁਨੀਆ ਨੂੰ ਇਸ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਖਤਰੇ ਨਾਲ ਨਜਿੱਠਣ ਲਈ ਪਾਬੰਦ ਹੋਵੇਗਾ।

ਡਬਲਯੂ. ਐਚ. ਓ. ਨੇ ਨੌਂ ਪ੍ਰਾਇਮਰੀ ਬੀਮਾਰੀਆਂ ਦੀ ਪਛਾਣ ਕੀਤੀ ਹੈ, ਜੋ ਜਨਤਕ ਸਿਹਤ ਲਈ ਸਭ ਤੋਂ ਵੱਡਾ ਖ਼ਤਰਾ ਹਨ। ਰਿਪੋਰਟ ਮੁਤਾਬਕ ਉਨ੍ਹਾਂ ਨੂੰ ਇਲਾਜ ਦੀ ਘਾਟ ਜਾਂ ਮਹਾਂਮਾਰੀ ਪੈਦਾ ਕਰਨ ਦੀ ਸੰਭਾਵਨਾ ਦੇ ਕਾਰਨ ਸਭ ਤੋਂ ਵੱਧ ਜੋਖਮ ਭਰਿਆ ਮੰਨਿਆ ਜਾਂਦਾ ਸੀ। ਉਨ੍ਹਾਂ ਕਿਹਾ ਕਿ ਵਿਸ਼ਵ ਕੋਵਿਡ-19 ਮਹਾਮਾਰੀ ਦੇ ਆਉਣ ਲਈ ਤਿਆਰ ਨਹੀਂ ਸੀ, ਜੋ ਇੱਕ ਸਦੀ ਵਿੱਚ ਸਭ ਤੋਂ ਗੰਭੀਰ ਸਿਹਤ ਸੰਕਟ ਵਜੋਂ ਉਭਰਿਆ ਹੈ।

## ਭਾਰਤੀ ਮੂਲ ਦੇ ਯਾਕੂਬ ਪਟੇਲ ਬਣੇ ਪ੍ਰੈਸਟਨ ਸ਼ਹਿਰ ਦੇ ਮੇਅਰ



ਲੰਡਨ: ਬ੍ਰਿਟੇਨ ਦੇ ਪ੍ਰੈਸਟਨ ਸ਼ਹਿਰ ਨੇ ਕੌਂਸਲਰ ਨੀਲ ਡਾਰਬੀ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਗੁਜਰਾਤ ਵਿਚ ਜਨਮੇ ਯਾਕੂਬ ਪਟੇਲ ਨੂੰ 2023-24 ਲਈ ਅਪਣਾ ਪਹਿਲਾ ਭਾਰਤੀ ਮੂਲ ਦਾ ਮੁਸਲਿਮ ਮੇਅਰ ਚੁਣਿਆ ਹੈ। ਅਪਣੀ ਨਵੀਂ ਭੂਮਿਕਾ ਵਿਚ ਪਟੇਲ ਕੌਂਸਲ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰਨਗੇ ਅਤੇ ਰਸਮੀ ਮੁਖੀ ਵਜੋਂ ਦਫ਼ਤਰ ਵਿਚ ਅਪਣੇ ਸਾਲ ਭਰ ਦੇ ਕਾਰਜ ਦੌਰਾਨ ਸ਼ਹਿਰ ਦੀ ਨੁਮਾਇੰਦਗੀ ਕਰਨਗੇ। ਪਟੇਲ ਨੇ ਕਿਹਾ, “ਮੈਂ ਪ੍ਰੈਸਟਨ ਦਾ ਮੇਅਰ ਬਣ ਕੇ ਖ਼ੁਸ਼ ਹਾਂ। ਮੈਨੂੰ ਉਮੀਦ ਹੈ ਕਿ ਮੈਂ ਉਨ੍ਹਾਂ ਭਾਈਚਾਰਿਆਂ ਲਈ ਸਕਾਰਾਤਮਕ ਬਦਲਾਅ ਲਿਆਵਾਂਗਾ, ਜਿਨ੍ਹਾਂ ਦੀ ਮੈਂ ਸੇਵਾ ਕਰਦਾ ਹਾਂ ਅਤੇ ਆਉਣ ਵਾਲੇ ਸਾਲ ਲਈ ਅਪਣੇ ਮੇਅਰਲ ਚੈਰਿਟੀਜ਼ ਦੁਆਰਾ ਵਾਧੂ ਸਹਾਇਤਾ ਪ੍ਰਦਾਨ ਕਰਾਂਗਾ।”

# ਭਾਰਤੀ ਮੂਲ ਦੇ ਅਮਰੀਕੀ ਪੁਲਿਸ ਅਧਿਕਾਰੀ ਨੂੰ ਬਾਇਡੇਨ ਨੇ ਦਿੱਤਾ ਬਹਾਦਰੀ ਮੈਡਲ

ਭਾਰਤੀ ਮੂਲ ਦੇ ਅਮਰੀਕੀ ਪੁਲਿਸ ਅਧਿਕਾਰੀ ਨੂੰ ਰਾਸ਼ਟਰਪਤੀ ਜੋ ਬਾਇਡੇਨ ਨੇ ਅਮਰੀਕਾ ਦਾ ਸਰਵਉੱਚ ਬਹਾਦਰੀ ਪੁਰਸਕਾਰ ਪ੍ਰਦਾਨ ਕੀਤਾ। ਬਾਇਡੇਨ ਨੇ ਭਾਰਤੀ ਨਾਗਰਿਕ ਦੀ ਬਹਾਦੁਰੀ ਦੀ ਪ੍ਰਸ਼ੰਸਾ ਕੀਤੀ। ਭਾਰਤੀ ਨਾਗਰਿਕ ਦੇ ਨਾਲ-ਨਾਲ 9 ਹੋਰ ਅਧਿਕਾਰੀਆਂ ਨੂੰ ਵੀ ਬਾਇਡੇਨ ਨੇ ਬਹਾਦੁਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ।



ਨਿਊਯਾਰਕ ਪੁਲਿਸ ਵਿਭਾਗ ਵਿਚ ਭਾਰਤੀ ਮੂਲ ਦੇ ਅਧਿਕਾਰੀ ਸੁਮਿਤ ਸੁਲਾਨ (27) ਨੇ ਉਸ ਦੇ ਦੋ ਸਾਥੀਆਂ 'ਤੇ ਹਮਲਾ ਕਰਨ ਵਾਲੇ ਇਕ ਅਪਰਾਧੀ ਨੂੰ ਗੋਲੀ ਮਾਰੀ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਨਾਗਰਿਕਾਂ ਦੀ ਸੁਰੱਖਿਆ ਨੂੰ ਵੀ ਧਿਆਨ ਵਿਚ ਰੱਖਿਆ ਤੇ ਬਜ਼ੁਰਗ ਔਰਤ ਸਣੇ ਉਸ ਦੇ ਭਰਾ ਨੂੰ ਬਚਾ ਲਿਆ। ਵ੍ਹਾਈਟ ਹਾਊਸ ਤੋਂ ਜਾਰੀ ਪ੍ਰੈੱਸ ਨੋਟ ਮੁਤਾਬਕ 911 ਨੰਬਰ 'ਤੇ ਇਕ ਮਹਿਲਾ ਨੇ ਘਰੇਲੂ ਹਿੰਸਾ ਦੀ ਸ਼ਿਕਾਇਤ ਕੀਤੀ ਸੀ। ਮਹਿਲਾ ਨੇ ਦੱਸਿਆ ਕਿ ਉਸ ਨੂੰ ਤੇ ਉਸ ਦੇ ਭਰਾ ਨੂੰ ਉਸ ਦੇ ਬੇਟੇ ਨੇ ਧਮਕੀ ਦਿੱਤੀ ਹੈ। ਦੋਵਾਂ ਦੀ ਜਾਨ ਨੂੰ ਖਤਰਾ ਹੈ। ਮਾਮਲੇ ਦੀ ਜਾਂਚ ਲਈ ਸੁਲਾਨ, ਜੇਸਨ ਰਿਵੇਰਾ (22) ਤੇ ਵਿਲਬਰਟ ਮੋਰਾ (27) ਘਟਨਾ ਵਾਲੀ ਥਾਂ 'ਤੇ ਪਹੁੰਚੇ। ਇਥੇ ਦੋਸ਼ੀ ਬੇਟੇ ਨੇ ਜੇਸਲ ਤੇ ਵਿਲਬਰਟ 'ਤੇ ਗੋਲੀਆਂ ਚਲਾ ਦਿੱਤੀਆਂ, ਦੋਵੇਂ ਜ਼ਖਮੀ ਹੋ ਗਏ। ਇਸ ਦੇ ਬਾਅਦ ਸੁਮਿਤ ਨੇ ਬਹਾਦੁਰੀ ਦਿਖਾਈ ਤੇ ਮੁਲਜ਼ਮ ਦੀ ਬੰਦੂਕ ਤੋਂ ਨਾਗਰਿਕਾਂ ਤੇ ਦੋਵੇਂ ਪੀੜਤਾਂ ਨੂੰ ਬਚਾਉਂਦੇ ਹੋਏ ਉਸ ਨੂੰ ਗੋਲੀ ਨਾਲ ਮਾਰ ਦਿੱਤਾ ਜਿਸ ਨਾਲ ਮੁਲਜ਼ਮ ਦੀ ਮੌਤ ਹੋ ਗਈ। ਹਾਲਾਂਕਿ ਬਾਅਦ ਵਿਚ ਦੋਵੇਂ ਪੁਲਿਸ ਮੁਲਾਜ਼ਮ ਜੇਸਨ ਤੇ ਮੋਰਾ ਦੀ ਵੀ ਇਲਾਜ ਦੌਰਾਨ ਮੌਤ ਹੋ ਗਈ।

ਸੁਮਿਤ ਦੀ ਤਾਰੀਫ ਕਰਦੇ ਹੋਏ ਬਾਇਡੇਨ ਨੇ ਕਿਹਾ ਕਿ ਤੁਸੀਂ ਆਪਣੀ ਫੁਰਤੀ ਤੇ ਬਹਾਦੁਰੀ ਦਿਖਾਉਂਦੇ ਹੋਏ ਦੋ ਲੋਕਾਂ ਦੀ ਜਾਨ ਬਚਾਈ ਤੇ ਮੁਲਜ਼ਮ ਨੂੰ ਵੀ ਖਤਮ ਕਰ ਦਿੱਤਾ ਜੋ ਕਾਬਲੇ-ਤਾਰੀਫ ਹੈ। ਨਾਲ ਹੀ ਪੂਰਾ ਦੇਸ਼ ਤੁਹਾਡੀ ਸੋਚ ਕਾਰਵਾਈ ਤੇ ਹਿੰਮਤ ਲਈ ਧੰਨਵਾਦੀ ਹੈ। ਸੁਮਿਤ ਦੀ ਮਾਂ ਨੇ ਦੱਸਿਆ ਕਿ ਉਸ ਨੇ ਬਹੁਤ ਚੰਗਾ ਕੰਮ ਕੀਤਾ ਹੈ। ਉਹ ਲਗਭਗ 15 ਸਾਲ ਪਹਿਲਾਂ ਭਾਰਤ ਤੋਂ ਅਮਰੀਕਾ ਆ ਕੇ ਸ਼ਿਫਟ ਹੋਇਆ ਹੈ।

# ਪਹਿਲੀ ਵਾਰ ਸਾਊਦੀ ਅਰਬ ਦੀ ਮਹਿਲਾ ਪੁਲਾੜ ਵਿਚ ਪਹੁੰਚੀ

ਸਾਊਦੀ ਅਰਬ : 'ਸਪੇਸਐਕਸ' ਪ੍ਰਾਈਵੇਟ ਰਾਕੇਟ ਨੇ ਐਤਵਾਰ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਲਈ ਉਡਾਣ ਭਰੀ। ਰਾਕੇਟ ਵਿਚ ਸਾਊਦੀ ਅਰਬ ਦੀ ਪੁਲਾੜ ਯਾਤਰੀ ਰੇਯਾਨਾ ਬਰਨਾਵੀ ਵੀ ਸਵਾਰ ਸੀ। ਉਹ ਦਹਾਕਿਆਂ ਬਾਅਦ ਪੁਲਾੜ ਵਿਚ ਜਾਣ ਵਾਲੀ ਪਹਿਲੀ ਸਾਊਦੀ ਅਰਬ ਦੀ ਪੁਲਾੜ ਯਾਤਰੀ ਹੈ।

ਇਸ ਤੋਂ ਪਹਿਲਾਂ ਸਾਲ 1985 ਵਿਚ ਸਾਊਦੀ ਕਰਾਊਨ ਪ੍ਰਿੰਸ ਸੁਲਤਾਨ ਬਿਨ ਸਲਮਾਨ ਬਿਨ ਅਬਦੁਲ ਅਜ਼ੀਜ਼ ਵੀ ਅਮਰੀਕਾ ਦੇ ਪੁਲਾੜ ਮਿਸ਼ਨ ਨਾਲ ਪੁਲਾੜ ਵਿਚ ਗਏ ਸਨ ਅਤੇ ਇਸ ਤਰ੍ਹਾਂ ਉਹ ਪੁਲਾੜ ਵਿਚ ਜਾਣ ਵਾਲੇ ਪਹਿਲੇ ਅਰਬ ਮੁਸਲਮਾਨ ਬਣ ਗਏ ਸਨ।



ਦੱਸ ਦੇਈਏ ਕਿ ਜਿਵੇਂ-ਜਿਵੇਂ ਦੁਨੀਆ ਇਲੈਕਟ੍ਰਿਕ ਵਾਹਨਾਂ ਅਤੇ ਹੋਰ ਵਿਕਲਪਾਂ ਵੱਲ ਵਧ ਰਹੀ ਹੈ, ਦੁਨੀਆ ਵਿਚ ਤੇਲ ਦੀ ਮਹੱਤਤਾ ਘਟਦੀ ਜਾਵੇਗੀ। ਆਉਣ ਵਾਲੇ 15-20 ਸਾਲਾਂ ਵਿੱਚ ਤੇਲ ਆਪਣੀ ਚਮਕ ਗੁਆ ਸਕਦਾ ਹੈ। ਸਾਊਦੀ ਅਰਬ ਵੀ ਇਸ ਗੱਲ ਨੂੰ ਸਮਝ ਰਿਹਾ ਹੈ ਅਤੇ ਇਹੀ ਕਾਰਨ ਹੈ ਕਿ ਸਾਊਦੀ ਅਰਬ ਆਪਣੀ ਆਰਥਿਕਤਾ ਦੀ ਤੇਲ 'ਤੇ ਨਿਰਭਰਤਾ ਘਟਾਉਣ ਅਤੇ ਸੈਰ-ਸਪਾਟੇ ਆਦਿ 'ਤੇ ਨਿਰਭਰਤਾ ਨੂੰ ਘਟਾਉਣ ਦੀ ਯੋਜਨਾ ਬਣਾ ਰਿਹਾ ਹੈ। ਅਜਿਹੇ 'ਚ ਸਾਊਦੀ ਅਰਬ 'ਚ ਹੋ ਰਹੇ ਬਦਲਾਅ ਨੂੰ ਵੀ ਇਸ ਨਜ਼ਰੀਏ ਤੋਂ ਦੇਖਿਆ ਜਾ ਰਿਹਾ ਹੈ।

## ਬਾਇਡੇਨ ਦੀ ਹੱਤਿਆ ਕਰਨਾ ਚਾਹੁੰਦਾ ਸੀ ਭਾਰਤੀ ਮੂਲ ਦਾ ਸ਼ਖ਼ਸ, ਵ੍ਹਾਈਟ ਹਾਊਸ ਦੇ ਬੈਰੀਕੇਡ 'ਚ ਟਰੱਕ ਨਾਲ ਮਾਰੀ ਸੀ ਟੱਕਰ

ਅਮਰੀਕਾ ਵਿਚ ਬੀਤੇ ਦਿਨੀਂ ਇਕ ਟਰੱਕ ਵ੍ਹਾਈਟ ਹਾਊਸ ਦੀ ਸੁਰੱਖਿਆ ਵਿਚ ਲੱਗੇ ਬੈਰੀਕੇਡ ਨਾਲ ਟਕਰਾ ਗਿਆ ਸੀ ਜਿਸ ਦੀ ਵਜ੍ਹਾ ਨਾਲ ਉਥੇ ਹਫੜਾ-ਦਫੜੀ ਦਾ ਮਾਹੌਲ ਪੈਦਾ ਹੋ ਗਿਆ ਸੀ। ਪੁਲਿਸ ਨੇ ਡਰਾਈਵਰ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਸੀ। ਗ੍ਰਿਫਤਾਰ ਕੀਤਾ ਗਿਆ ਸ਼ਖਸ ਭਾਰਤੀ ਹੈ। ਉਹ ਅਮਰੀਕਾ ਦੇ ਰਾਸ਼ਟਰਪਤੀ ਨੂੰ ਮਾਰਨਾ ਚਾਹੁੰਦਾ ਸੀ। 19 ਸਾਲਾ ਭਾਰਤੀ ਮੂਲ ਦੇ ਸ਼ਖਸ ਨੇ ਪਹਿਲਾਂ ਇਕ ਯੂ ਹਾਲ ਟਰੱਕ ਨੂੰ ਕਿਰਾਏ 'ਤੇ ਲਿਆ। ਬਾਅਦ ਵਿਚ ਵ੍ਹਾਈਟ ਹਾਊਸ ਦੀ ਸੁਰੱਖਿਆ ਵਿਚ ਲੱਗੇ ਬੈਰੀਕੇਡ ਵਿਚ ਜਾਣਬੁਝ ਕੇ ਟੱਕਰ ਮਾਰ ਦਿੱਤੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਦੋਂ ਵਿਅਕਤੀ ਤੋਂ




ਪੁੱਛਿਆ ਗਿਆ ਤਾਂ ਉਸ ਨੇ ਦੱਸਿਆ ਕਿ ਉਹ ਸੱਤਾ 'ਤੇ ਕਬਜ਼ਾ ਕਰਨਤੇ ਅਮਰੀਕੀ ਰਾਸ਼ਟਰਪਤੀ ਜੋ ਬਾਇਡੇਨ ਨੂੰ ਮਾਰਨ ਲਈ ਰਾਸ਼ਟਰਪਤੀ ਭਵਨ ਅੰਦਰ ਜਾਣਾ ਚਾਹੁੰਦਾ ਸੀ।

# ਯੂਕੇ ਆਈਕਨ ਅਵਾਰਡਸ ਜੇਤੂਆਂ ਵਿਚ ਸ਼ਾਮਲ ਬ੍ਰਿਟਿਸ਼ ਸਿੱਖ ਉਦਯੋਗਪਤੀ

ਬ੍ਰਿਟੇਨ - ਬ੍ਰਿਟਿਸ਼ ਸਿੱਖ ਉਦਯੋਗਪਤੀ ਨਵਜੋਤ ਸਾਹਨੀ, ਘੱਟ ਆਮਦਨੀ ਵਾਲੇ ਭਾਈਚਾਰਿਆਂ ਨੂੰ ਪਹੁੰਚਯੋਗ ਅਤੇ ਟਿਕਾਊ ਵਾਸ਼ਿੰਗ ਹੱਲ ਪ੍ਰਦਾਨ ਕਰਨ ਵਾਲੇ ਵਾਸ਼ਿੰਗ ਮਸ਼ੀਨ ਪ੍ਰੋਜੈਕਟ ਦੇ ਸੰਸਥਾਪਕ, ਲੰਡਨ ਵਿਚ ਸਾਲਾਨਾ 21ਵੀਂ ਸਦੀ ਆਈਕਨ ਅਵਾਰਡ ਦੇ 14 ਜੇਤੂਆਂ ਵਿਚੋਂ ਇੱਕ ਹਨ। ਸਾਹਨੀ ਨੇ ਵਾਸ਼ਿੰਗ ਮਸ਼ੀਨ ਪ੍ਰੋਜੈਕਟ ਲਈ ਸਸਟੇਨੇਬਿਲਿਟੀ ਰਾਈਜ਼ਿੰਗ ਸਟਾਰ ਅਵਾਰਡ ਜਿੱਤਿਆ ਅਤੇ ਸ਼ੁੱਕਰਵਾਰ ਨੂੰ ਲੰਡਨ ਸਟਾਕ ਐਕਸਚੇਂਜ ਗਰੁੱਪ ਦੇ ਸਸਟੇਨੇਬਲ ਫਾਈਨਾਂਸ ਐਂਡ ਇਨਵੈਸਟਮੈਂਟ ਸਟ੍ਰੈਟਜੀ, ਗਰੁੱਪ ਡਾਇਰੈਕਟਰ ਇਬੁਕੂਨ ਅਡੇਬਾਯੋ ਤੋਂ ਇੱਕ ਸਮਾਰੋਹ ਵਿਚ ਟਰਾਫੀ ਪ੍ਰਾਪਤ ਕੀਤੀ।

ਉਸ ਦਾ ਈਕੋ-ਅਨੁਕੂਲ ਹੱਥਾਂ ਨਾਲ ਤਿਆਰ ਕੀਤਾ ਵਾਸ਼ਿੰਗ ਮਸ਼ੀਨ ਪ੍ਰੋਜੈਕਟ ਪਛੜੇ ਦੇਸ਼ਾਂ ਅਤੇ ਸ਼ਰਨਾਰਥੀ ਕੈਂਪਾਂ ਵਿਚ ਇਲੈਕਟ੍ਰਿਕ ਮਸ਼ੀਨ ਤੱਕ ਪਹੁੰਚ ਤੋਂ ਬਿਨਾਂ ਪਰਿਵਾਰਾਂ ਨੂੰ ਲਾਭ ਪਹੁੰਚਾਉਂਦਾ ਹੈ। '2021 ਵਿਚ ਇਸ ਦੀ ਸਿਰਜਣਾ ਤੋਂ ਲੈ ਕੇ, ਉਹਨਾਂ ਨੇ 30,000 ਤੋਂ ਵੱਧ ਲੋਕਾਂ ਦੇ ਜੀਵਨ ਨੂੰ ਸਕਾਰਾਤਮਕ ਤੌਰ 'ਤੇ ਪ੍ਰਭਾਵਿਤ ਕੀਤਾ ਹੈ,' ਪ੍ਰੋਜੈਕਟ ਲਈ ਹਵਾਲਾ ਪੜ੍ਹੋ, ਜਿਸ ਨੇ ਅਤੀਤ ਵਿਚ ਬ੍ਰਿਟਿਸ਼ ਪ੍ਰਧਾਨ ਮੰਤਰੀ ਦੇ ਪੁਆਇੰਟਸ ਆਫ਼ ਲਾਈਟ ਅਵਾਰਡ ਸਮੇਤ ਕਈ ਪੁਰਸਕਾਰ ਜਿੱਤੇ ਹਨ।

31 ਭਵਾਨੀ ਦੇਵੀ, ਓਲੰਪਿਕ ਖੇਡਾਂ ਵਿਚ ਕੁਆਲੀਫਾਈ ਕਰਨ



ਅਤੇ ਮੁਕਾਬਲਾ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਫੈਂਸਰ ਨੂੰ ਪ੍ਰਤੀਯੋਗੀ ਖੇਡ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਅਤੇ ਭਾਰਤੀ ਮੂਲ ਦੇ ਉੱਦਮੀਆਂ ਅਸ਼ੋਕ ਦੁਪੱਟੀ ਅਤੇ ਧੀਰਜ ਸਿਰੀਪੁਰਾਪੂ ਨੇ ਕਈ ਬਾਜ਼ਾਰਾਂ ਨੂੰ ਹਰਾਉਣ ਵਾਲੇ ਕਾਰੋਬਾਰਾਂ ਦੇ ਪਿੱਛੇ ਪਿਛਲੇ 20 ਸਾਲ ਦੇ ਉਨ੍ਹਾਂ ਦੇ ਯਤਨਾਂ ਲਈ ਲਗਾਤਾਰ ਰਿਜ਼ੋਲੂਟ ਅਵਾਰਡ ਜਿੱਤਿਆ।

'ਸਾਨੂੰ ਇਹਨਾਂ ਸ਼ਾਨਦਾਰ ਗਲੋਬਲ ਆਈਕਨਾਂ ਦਾ ਜਸ਼ਨ ਮਨਾਉਣ ਅਤੇ ਮਾਨਤਾ ਦੇਣ ਵਿਚ ਪੂਰੀ ਖੁਸ਼ੀ ਹੈ,' ਸਕੁਏਅਰਡ ਵਾਟਰਮੇਲਨ ਲਿਮਿਟੇਡ ਦੇ ਤਰੁਣ ਘੁਲਾਟੀ ਅਤੇ ਪ੍ਰੀਤੀ ਰਾਣਾ ਨੇ ਕਿਹਾ ਕਿ ਅਵਾਰਡਾਂ ਦੇ ਸਹਿ-ਸੰਸਥਾਪਕ, ਹੁਣ ਆਪਣੇ ਸੱਤਵੇਂ ਸਾਲ ਵਿਚ ਹਨ। ਉਨ੍ਹਾਂ ਨੇ ਕਿਹਾ ਕਿ ਅਸੀਂ ਇਹ ਪੁਰਸਕਾਰ ਉਨ੍ਹਾਂ ਨੌਜਵਾਨ ਨੇਤਾਵਾਂ ਨੂੰ ਦਿਖਾਉਣ ਲਈ ਬਣਾਏ ਹਨ, ਜੋ ਆਪਣੀ ਦ੍ਰਿੜਤਾ, ਲਗਨ ਅਤੇ ਸਖ਼ਤ ਮਿਹਨਤ ਦੇ ਜ਼ਰੀਏ, ਤਬਦੀਲੀ ਦੀ ਜੋਤ ਬਣ ਗਏ ਹਨ, ਦੂਜਿਆਂ ਨੂੰ ਪ੍ਰੇਰਿਤ ਕਰਦੇ ਹਨ ਅਤੇ ਨਵੀਨਤਾ ਦੀ ਪਹਿਲੀ ਸੀਟ 'ਤੇ ਹਨ।

# ਸਿਡਨੀ ਬਣਿਆ 'ਮਿੰਨੀ ਇੰਡੀਆ'

## ਮੈਗਾ ਸ਼ੋਅ 'ਚ ਪਹੁੰਚੇ 20 ਹਜ਼ਾਰ ਭਾਰਤੀ, ਮੋਦੀ ਬੋਲੇ- ਭਾਰਤ ਮਦਰ ਆਫ਼ ਡੈਮੋਕਰੇਸੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਮੈਗਾ ਸ਼ੋਅ ਸਿਡਨੀ ਵਿੱਚ ਸ਼ੁਰੂ ਹੋ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਦਾ ਜ਼ੋਰਦਾਰ ਭਾਸ਼ਣ 20 ਹਜ਼ਾਰ ਭਾਰਤੀਆਂ ਵਿੱਚ ਸੁਣਿਆ ਜਾ ਰਿਹਾ ਹੈ। ਉਨ੍ਹਾਂ ਨੇ ਭਾਰਤੀ ਭਾਈਚਾਰੇ ਨੂੰ ਕਿਹਾ ਹੈ ਕਿ ਮੈਂ 2014 'ਚ ਵਾਅਦਾ ਕੀਤਾ ਸੀ ਕਿ ਹੁਣ ਤੁਹਾਨੂੰ ਭਾਰਤੀ ਪ੍ਰਧਾਨ ਮੰਤਰੀ ਲਈ 28 ਸਾਲ ਇੰਤਜ਼ਾਰ ਨਹੀਂ ਕਰਨਾ ਪਵੇਗਾ। ਮੈਂ ਉਹ ਵਾਅਦਾ ਪੂਰਾ ਕੀਤਾ।



ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਆਸਟ੍ਰੇਲੀਆ ਦੇ ਮਨ ਵਿੱਚ ਭਾਰਤ ਲਈ ਬਹੁਤ ਪਿਆਰ ਹੈ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਮਜ਼ਬੂਤ ਰਿਸ਼ਤੇ ਦਾ ਆਧਾਰ ਮੋਦੀ ਨਹੀਂ, ਸਗੋਂ ਆਪਸੀ ਵਿਸ਼ਵਾਸ ਹੈ, ਜਿਸ ਕਾਰਨ ਦੋਵੇਂ ਦੇਸ਼ ਮਜ਼ਬੂਤੀ ਨਾਲ ਇਕ-ਦੂਜੇ ਨਾਲ ਖੜ੍ਹੇ ਹਨ। ਅਸੀਂ ਦੋਵੇਂ ਦੇਸ਼ ਇਕ-ਦੂਜੇ ਦਾ ਸਤਿਕਾਰ ਕਰਦੇ ਹਾਂ, ਅਜਿਹਾ ਸਿਰਫ ਕੂਟਨੀਤੀ ਕਾਰਨ ਨਹੀਂ ਹੋਇਆ, ਇਸ ਦੀ ਅਸਲ ਤਾਕਤ ਆਸਟ੍ਰੇਲੀਆ ਵਿਚ ਰਹਿੰਦੇ ਭਾਰਤੀ ਹਨ।



ਆਪਣੇ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਵਿਕਸਤ ਭਾਰਤ ਦਾ ਮੰਤਰ ਵੀ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਇੱਥੇ ਜੋ ਹਰ ਭਾਰਤੀ ਦਾ ਸੁਪਨਾ ਹੈ, ਓਹੀ ਸੁਪਨਾ ਮੇਰਾ ਵੀ ਹੈ, ਅਸੀਂ ਸਾਰੇ ਮਿਲ ਕੇ ਭਾਰਤ ਨੂੰ ਵਿਕਸਿਤ ਦੇਸ਼ ਬਣਾਉਣ ਜਾ ਰਹੇ ਹਾਂ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਦੀਆਂ ਪ੍ਰਾਪਤੀਆਂ ਨੂੰ ਗਿਣਾਉਂਦੇ ਹੋਏ ਕਿਹਾ ਕਿ ਅਸੀਂ ਕੋਰੋਨਾ ਦੇ ਦੌਰ ਵਿੱਚ ਸਭ ਤੋਂ ਤੇਜ਼ੀ ਨਾਲ ਟੀਕਾਕਰਨ ਪ੍ਰਾਪਤ ਕੀਤਾ, ਭਾਰਤ ਸਭ ਤੋਂ ਤੇਜ਼ ਅਰਥਵਿਵਸਥਾ ਚਲਾ ਰਿਹਾ ਹੈ, ਭਾਰਤ ਫਲ-ਸਬਜ਼ੀਆਂ ਦੇ ਉਤਪਾਦਨ ਵਿੱਚ ਵੀ ਦੂਜੇ ਨੰਬਰ



'ਤੇ ਪਹੁੰਚ ਗਿਆ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਮੈਨੂੰ ਖ਼ੁਸ਼ੀ ਹੈ ਕਿ ਆਸਟ੍ਰੇਲੀਆ ਨੇ ਵੀ ਭਾਰਤ ਦੀ ਵਿਭਿੰਨਤਾ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰ ਕੀਤਾ ਹੈ। ਇਸ ਦੌਰਾਨ ਉਨ੍ਹਾਂ ਆਸਟ੍ਰੇਲੀਆ ਵਿੱਚ ਮਿਲ ਰਹੇ ਭਾਰਤੀ ਪਕਵਾਨਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਹੁਣ ਕ੍ਰਿਕਟ ਤੋਂ ਲੈ ਕੇ ਖਾਣੇ ਤੱਕ ਹਰ ਚੀਜ਼ ਨੇ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕੰਮ ਕੀਤਾ ਹੈ। ਸਾਡੇ ਦੋਵਾਂ ਦੇਸ਼ਾਂ ਦਾ ਖਾਣਾ ਪਕਾਉਣ ਦਾ ਤਰੀਕਾ ਵੱਖਰਾ ਹੋ ਸਕਦਾ ਹੈ, ਪਰ ਮਾਸਟਰ ਸ਼ੈੱਫ ਨੇ ਸਾਨੂੰ ਜੋੜਨ ਦਾ ਕੰਮ ਕੀਤਾ ਹੈ। ਅਸੀਂ ਦੀਵਾਲੀ ਦੀ ਚਮਕ ਨਾਲ ਵੀ ਜੁੜੇ ਹੋਏ ਹਾਂ ਅਤੇ ਹਿੰਦ ਮਹਾਸਾਗਰ ਵੀ ਸਾਨੂੰ ਜੋੜਨ ਦਾ ਕੰਮ ਕਰਦਾ ਹੈ।

# ਤਾਲਿਬਾਨ ਨੇ ਕੱਢੀ ਅਫ਼ਗਾਨਿਸਤਾਨ 'ਚ ਲਾੜੀਆਂ ਦੀ ਰੇਟ ਲਿਸਟ !

## ਕੁੰਵਾਰੀ ਕੁੜੀ ਨਾਲ ਵਿਆਹ ਕਰਨ 'ਤੇ 4,00,000 ਅਫਗਾਨੀ ਰੁਪਏ, ਵਿਧਵਾ ਨਾਲ ਵਿਆਹ ਕਰਨ 'ਤੇ 2 ਲੱਖ ਤੇ ਦੂਜੀ ਪਤਨੀ ਲਈ 6 ਲੱਖ ਅਫਗਾਨੀ ਰੁਪਏ ਦੇਣੇ ਪੈਣਗੇ

ਜਦੋਂ ਤੋਂ ਅਫਗਾਨਿਸਤਾਨ ਵਿੱਚ ਤਾਲਿਬਾਨ ਦਾ ਰਾਜ ਸ਼ੁਰੂ ਹੋਇਆ ਹੈ, ਨਵੇਂ ਫ਼ਰਮਾਨ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚ ਰਹੇ ਹਨ। ਅੱਜਕਲ੍ਹ ਇਕ ਨਵਾਂ ਫਰਮਾਨ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਉਹ ਹੈ ਲਾੜੀਆਂ ਦੀ ਰੇਟ ਲਿਸਟ। ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਸੁਪਰੀਮ ਕਮਾਂਡਰ ਦੇ ਬੀਮਾਰ ਹੁੰਦੇ ਹੀ ਸੀਨੀਅਰ ਅਧਿਕਾਰੀ ਬੇਕਾਬੂ ਹੋ ਗਏ ਹਨ। ਹੁਣ ਆਪਣੇ ਚੋਟੀ ਦੇ ਕਮਾਂਡਰ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ, ਉਨ੍ਹਾਂ ਨੇ ਲਾੜੀ ਦੀਆਂ ਨਵੀਆਂ ਕੀਮਤਾਂ ਤੈਅ ਕਰਦੇ ਹੋਏ ਇੱਕ ਲਿਸਟ ਕੱਢ ਦਿੱਤੀ ਹੈ।

ਲਾੜੀ ਦੀ ਰੇਟ ਲਿਸਟ 'ਚ ਕੁਆਰੀ ਕੁੜੀ ਨਾਲ ਵਿਆਹ ਕਰਵਾਉਣ ਦੇ ਬਦਲੇ 4 ਲੱਖ ਅਫਗਾਨੀ ਨੋਟ ਦੇਣੇ ਪੈਣਗੇ। ਇਸ ਦੇ ਨਾਲ ਹੀ ਵਿਧਵਾ ਨਾਲ ਵਿਆਹ ਕਰਨ ਵਾਲੇ ਨੂੰ 2 ਲੱਖ ਅਫਗਾਨੀ ਨੋਟ ਦੇਣੇ ਪੈਣਗੇ। ਇਸ ਤੋਂ ਪਹਿਲਾਂ ਤਾਲਿਬਾਨ ਦੇ ਸੁਪਰੀਮ ਲੀਡਰ ਨੇ ਕਿਹਾ ਸੀ ਕਿ ਜ਼ਬਰਦਸਤੀ ਵਿਆਹ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਅਤੇ ਔਰਤਾਂ ਨੂੰ ਜਾਇਦਾਦ ਨਹੀਂ



ਮੰਨਿਆ ਜਾਣਾ ਚਾਹੀਦਾ ਹੈ।

ਅਫਗਾਨਿਸਤਾਨ ਦੇ ਪਕਤੀਆ ਸੂਬੇ ਦੇ ਤਾਲਿਬਾਨ ਦੇ ਸੂਚਨਾ ਅਤੇ ਸੰਸਕ੍ਰਿਤੀ ਨਿਰਦੇਸ਼ਕ ਖਲੀਕਾਰ ਅਹਿਮਦਜ਼ਈ ਨੇ ਸੂਬੇ ਵਿੱਚ ਲਾੜੀ ਦੀ ਨਵੀਂ ਕੀਮਤ ਨੂੰ ਲੈ ਕੇ ਇੱਕ ਟਵੀਟ ਜਾਰੀ ਕੀਤਾ ਹੈ। ਇਸ ਨੂੰ ਵੱਡਾ ਕਦਮ ਦੱਸਦੇ ਹੋਏ ਉਸ ਨੇ ਲਾੜੀ ਦੀਆਂ ਨਵੀਆਂ ਕੀਮਤਾਂ ਦਾ ਵੇਰਵਾ ਵੀ ਦਿੱਤਾ ਹੈ। ਇਸ ਐਲਾਨ ਮੁਤਾਬਕ ਕੁਆਰੀ ਕੁੜੀ ਨਾਲ ਵਿਆਹ ਕਰਨ 'ਤੇ 4,00,000 ਅਫਗਾਨੀ ਰੁਪਏ, ਵਿਧਵਾ ਨਾਲ ਵਿਆਹ ਕਰਨ 'ਤੇ 2 ਲੱਖ, ਦੂਜੀ ਪਤਨੀ ਲਈ 6 ਲੱਖ ਅਫਗਾਨੀ ਰੁਪਏ ਯਾਨੀ ਬਹੁ-ਵਿਆਹ ਅਧੀਨ ਵਿਆਹ ਕਰਨ ਲਈ ਅਦਾ ਕਰਨੇ ਪੈਣਗੇ।

ਜੇ ਕਿਸੇ ਬੰਦੇ ਦੀ ਪਹਿਲੀ ਪਤਨੀ ਮਰ ਚੁੱਕੀ ਹੈ ਅਤੇ ਉਹ ਕਿਸੇ ਕੁਆਰੀ ਕੁੜੀ ਨਾਲ ਵਿਆਹ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਇਸ ਲਈ ਪੰਜ ਲੱਖ ਅਫਗਾਨੀ ਰੁਪਏ ਦੇਣੇ ਪੈਣਗੇ।

ਪਕਤੀਆ ਸੂਬੇ ਦੇ ਸੂਚਨਾ ਅਤੇ ਸੱਭਿਆਚਾਰ ਨਿਰਦੇਸ਼ਕ ਵੱਲੋਂ ਜਾਰੀ ਕੀਤੇ ਗਏ ਇਸ ਟਵੀਟ ਤੋਂ ਬਾਅਦ ਪੂਰੇ ਅਫਗਾਨਿਸਤਾਨ 'ਚ ਹਲਚਲ ਮਚ ਗਈ ਹੈ। ਕਿਹਾ ਗਿਆ ਸੀ ਕਿ ਇਹ ਫ਼ਰਮਾਨ ਪੁਰਾਣੇ ਤਾਲਿਬਾਨ ਕਮਾਂਡਰਾਂ ਵੱਲੋਂ ਆਪਣੀ ਉਮਰ ਤੋਂ ਘੱਟ ਉਮਰ ਦੇ ਵਿਆਹ ਕਰਨ ਲਈ ਜਾਰੀ ਕੀਤਾ ਗਿਆ ਹੈ। ਇਸ ਫਾਰਮ ਦੇ ਤਹਿਤ ਕੁੜੀ ਦੇ ਪਰਿਵਾਰ ਨੂੰ ਇੱਕ ਤੈਅ ਰਕਮ ਦੇਣ ਤੋਂ ਬਾਅਦ ਉਸ ਨੂੰ ਉਸ ਬੰਦੇ ਨਾਲ ਵਿਆਹ ਕਰਨਾ ਹੋਵੇਗਾ ਜੋ ਇਹ ਰਕਮ ਅਦਾ ਕਰੇਗਾ।

## 6 ਦਿਨ ਪਹਿਲਾਂ ਕੈਨੇਡਾ ਗਏ ਪੰਜਾਬੀ ਨੌਜਵਾਨ ਦੀ ਮੌਤ, ਮਾਪਿਆਂ ਦਾ ਸੀ ਇਕਲੌਤਾ ਪੁੱਤਰ



ਹਫਤਾ ਪਹਿਲਾਂ ਕੈਨੇਡਾ ਗਏ ਪੰਜਾਬੀ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਪਰਮਵੀਰ ਸਿੰਘ ਰਾਹੀਂ ਵਜੋਂ ਹੋਈ ਹੈ। ਉਸ ਦੀ ਉਮਰ ਮਹਿਜ਼ 19 ਸਾਲ ਦੱਸੀ ਜਾ ਰਹੀ ਹੈ। ਮਿਲੀ ਜਾਣਕਾਰੀ ਮੁਤਾਬਕ ਪਰਮਵੀਰ ਸਿੰਘ ਦੀ ਕੈਨੇਡਾ ਵਿਖੇ ਦਿਲ ਦਾ ਦੌਰਾ ਪੈਣ ਨਾਲ ਮੌਤ ਹੋਈ ਹੈ। ਜਿਵੇਂ ਵੀ ਪਰਮਵੀਰ ਸਿੰਘ ਦੇ ਮਾਤਾ-ਪਿਤਾ ਨੂੰ ਪੁੱਤ ਦੀ ਮੌਤ ਦੀ ਖਬਰ ਮਿਲੀ ਘਰ ਵਿਚ ਮਾਤਮ ਛਾ ਗਿਆ ਤੇ ਉਨ੍ਹਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਮ੍ਰਿਤਕ ਦੇ ਪਿਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਆਪਣੇ ਪੁੱਤ ਨੂੰ 28 ਅਪ੍ਰੈਲ ਨੂੰ ਕੈਨੇਡਾ ਭੇਜਿਆ ਸੀ। ਆਪਣੀ ਪੜ੍ਹਾਈ ਪੂਰੀ ਕਰਨ ਦੇ ਬਾਅਦ ਚੰਗੇ ਭਵਿੱਖ ਲਈ ਪਰਮਵੀਰ ਸਿੰਘ ਕੈਨੇਡਾ ਗਿਆ ਸੀ। ਉਥੇ 8 ਮਈ ਨੂੰ ਉਸ ਦੀ ਪੜ੍ਹਾਈ ਦਾ ਸੈਸ਼ਨ ਸ਼ੁਰੂ ਹੋਣਾ ਸੀ ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

# ‘ਸਿੱਧੂ ਮੂਸੇਵਾਲਾ ਦਾ ਕਤਲ ਗੈਂਗਵਾਰ ਦਾ ਨਤੀਜਾ ਮੇਰੇ ਕੋਲ ਸਬੂਤ’- ਰਿਟਾਇਰਡ ਪੁਲਿਸ ਅ.ਫਸਰ ਦਾ ਦਾਅਵਾ

ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਨਵਾਂ ਮੋੜ ਆਇਆ ਹੈ। ਰਿਟਾਇਰਡ ਪੁਲਿਸ ਅਧਿਕਾਰੀ ਸਤਪਾਲ ਨੇ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ



ਆਪਣੀ ਵੀਡੀਓ ਸੋਸ਼ਲ ਮੀਡੀਆ ‘ਤੇ ਜਾਰੀ ਕਰਕੇ ਚੁਣੌਤੀ ਦਿੱਤੀ ਹੈ। ਉਸ ਨੇ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਗੈਂਗ ਵਾਰ ਦਾ ਨਤੀਜਾ ਦੱਸਿਆ। ਨਾਲ ਹੀ ਕਿਹਾ ਕਿ ਉਸ ਕੋਲ ਇਸ ਦੇ ਸਾਰੇ ਸਬੂਤ ਹਨ।

ਸੇਵਾਮੁਕਤ ਪੁਲਿਸ ਅਧਿਕਾਰੀ ਨੇ ਕਿਹਾ ਕਿ ਹੁਣ ਤੱਕ ਉਹ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਦੇ ਨਾਲ ਖੜ੍ਹੇ ਸਨ ਪਰ ਹੁਣ ਸੱਚਾਈ ਦੱਸਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਗੈਂਗ ਵਾਰ ਜਗਰਾਓ ਦੇ ਪਿੰਡ ਬੰਬੀਹਾ ਤੋਂ ਸ਼ੁਰੂ ਹੋਇਆ ਸੀ। ਇੱਥੋਂ ਭੱਜਣ ਵਾਲਾ ਵਿਅਕਤੀ ਕੈਨੇਡਾ ਵਿੱਚ ਕਿਸ-ਕਿਸ ਨਾਲ ਰਿਹਾ ਅਤੇ ਉੱਥੇ ਕੀ-ਕੀ ਵਾਅਦੇ ਕੀਤੇ ਗਏ, ਇਹ ਗੱਲ ਕਿਸੇ ਤੋਂ ਲੁਕੀ ਨਹੀਂ ਹੈ।

ਇਸ ਤੋਂ ਬਾਅਦ ਰਵੀ ਖਵਾਜਕੇ ਦਾ ਕਤਲ, ਗੁਰ ਲਾਲ ਪਹਿਲਵਾਨ ਦਾ ਕਤਲ ਅਤੇ ਉਸ ਤੋਂ ਬਾਅਦ ਮਿੱਡੂ ਖੇੜਾ ਦਾ ਕਤਲ ਹੋਇਆ। ਇਸ ਤੋਂ ਬਾਅਦ ਬਠਿੰਡਾ ਵਿੱਚ ਇੱਕ ਕਤਲ ਹੋ ਗਿਆ। ਅਸੀਂ ਆਸਟ੍ਰੇਲੀਆ ‘ਚ ਬੈਠੇ ਸ਼ਗਨਪ੍ਰੀਤ ਦੀ ਗਾਰੰਟੀ ਲਵਾਂਗੇ ਕਿ ਉਸ ਨੂੰ ਕੁਝ ਨਹੀਂ ਹੋਣ ਦਿਆਂਗੇ। ਅੱਧੇ ਘੰਟੇ ਵਿੱਚ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਕੇ ਰਖ ਦਿਆਂਗੇ।

ਸੇਵਾਮੁਕਤ ਪੁਲਿਸ ਅਧਿਕਾਰੀ ਨੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਕਿਹਾ ਕਿ ਜਿੱਥੇ ਤੁਹਾਡਾ ਮੁੰਡਾ ਬੈਠਦਾ ਸੀ, ਉਹ ਵੀ ਚੰਡੀਗੜ੍ਹ ਦੇ ਉਸੇ ਘਰ ਵਿੱਚ ਬੈਠਦਾ ਸੀ। ਉਹ ਕੁਝ ਕਹਿਣਾ ਨਹੀਂ ਚਾਹੁੰਦਾ ਸੀ ਪਰ ਹੁਣ ਮਜਬੂਰ ਹੋ ਕੇ ਬੋਲ ਰਿਹਾ ਹੈ। ਫਰੀਦਕੋਟ ਵਿੱਚ ਜਿਨ੍ਹਾਂ 7 ਤੇ 9 ਸਾਲਾਂ ਦੇ ਬੱਚਿਆਂ ਦੇ ਸਿਰ ਤੋਂ ਪਿਤਾ ਦਾ ਸਾਇਆ ਖੋਹ ਲਿਆ ਗਿਆ ਉਸ ਵਿੱਚ ਤੁਹਾਡੇ ਪੁੱਤ ਦਾ ਕੀ ਯੋਗਦਾਨ ਸੀ ਉਸ ਦੇ ਪੂਰੇ ਸਬੂਤ ਦਿਆਂਗਾ।

ਸ਼ਗਨਪ੍ਰੀਤ ਸਿੱਧੂ ਮੂਸੇਵਾਲਾ ਦੇ ਕਰੀਬੀ ਸੀ। ਉਹ ਪਹਿਲਾਂ ਮੂਸੇਵਾਲਾ ਕੋਲ ਰਹਿੰਦਾ ਸੀ। ਮੂਸੇਵਾਲਾ ਦੇ ਸਾਰੇ ਸ਼ੋਅ ਡੀਲ ਕਰਦਾ ਸੀ। ਉਸ ਦਾ ਨਾਂ ਮੋਹਾਲੀ ‘ਚ ਦਿਨ ਦਿਹਾੜੇ





ਮਿੱਡੂਖੇੜਾ ਦੇ ਕਤਲ ‘ਚ ਸਾਹਮਣੇ ਆਇਆ ਸੀ। ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਦੀ ਜਾਂਚ ਵਿੱਚ ਸ਼ਗਨਪ੍ਰੀਤ ਦਾ ਸਬੰਧ ਮਿੱਡੂਖੇੜਾ ਕਤਲ ਦੀ ਜ਼ਿੰਮੇਵਾਰੀ ਲੈਣ ਵਾਲੇ ਗੈਂਗਸਟਰ ਕੌਸ਼ਲ ਚੌਧਰੀ ਦੇ ਸ਼ਾਰਪ ਸ਼ੂਟਰਾਂ ਨਾਲ ਸੀ।

ਸ਼ਗਨਪ੍ਰੀਤ ਨੇ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ‘ਚ ਪਟੀਸ਼ਨ ਦਾਇਰ ਕਰਕੇ ਕਿਹਾ ਸੀ ਕਿ ਉਸ ਨੂੰ ਲਾਰੈਂਸ ਅਤੇ ਗੋਲਡੀ ਬਰਾੜ ਦੇ ਗੈਂਗ ਤੋਂ ਖਤਰਾ ਹੈ ਪਰ ਉਸ ਤੋਂ ਬਾਅਦ ਸ਼ਗਨਪ੍ਰੀਤ ਅਚਾਨਕ ਆਸਟ੍ਰੇਲੀਆ ਚਲਾ ਗਿਆ। ਉਦੋਂ ਤੋਂ ਉਹ ਉਥੇ ਰਹਿ ਰਿਹਾ ਹੈ। ਮੂਸੇਵਾਲਾ ਦਾ ਕਤਲ ਕਰਨ ਵਾਲੇ ਲਾਰੈਂਸ ਗੈਂਗ ਨੂੰ ਇਹ ਵੀ ਸ਼ੱਕ ਹੈ ਕਿ ਸ਼ਗਨਪ੍ਰੀਤ ਦੇ ਆਸਟ੍ਰੇਲੀਆ ਭੱਜਣ ਲਈ ਮੂਸੇਵਾਲਾ ਨੇ ਮਦਦ ਕੀਤੀ ਸੀ।

ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸੇ ਦੁਸ਼ਮਣੀ ਕਾਰਨ ਹੀ ਲਾਰੈਂਸ ਗੈਂਗ ਨੇ ਮੂਸੇਵਾਲਾ ਦਾ ਕਤਲ ਕੀਤਾ ਸੀ। ਸ਼ਗਨਪ੍ਰੀਤ ‘ਤੇ ਸ਼ੱਕ ਸੀ ਕਿ ਉਸ ਨੇ ਮਿੱਡੂਖੇੜਾ ਦੇ ਕਤਲ ਕਰਨ ਵਾਲੇ ਸ਼ਾਰਪ ਸ਼ੂਟਰਾਂ ਨੂੰ ਲੁਕਣ ਦੀ ਥਾਂ ਮੁਹੱਈਆ ਕਰਵਾਈ ਸੀ।

# ਕਰਤਾਰਪੁਰ ਲਾਂਘੇ ਨੇ ਕਰਵਾਇਆ 75 ਸਾਲ ਤੋਂ ਵਿਛੜੇ ਭੈਣ-ਭਰਾ ਦਾ ਮੇਲ

## ਭੈਣ ਨੇ ਵਾਰ-ਵਾਰ ਆਪਣੇ ਭਰਾ ਨੂੰ ਪਾਈ ਜੱਫੀ

ਭਾਰਤ-ਪਾਕਿਸਤਾਨ ਵੰਡ ਦੀ ਚੀਸ ਅੱਜ ਵੀ ਲੱਖਾਂ ਦਿਲਾਂ ਵਿੱਚ ਹੈ। ਕਰਤਾਰਪੁਰ ਲਾਂਘੇ ਕਰਕੇ ਇਸ ਬਾਰੇ ਅਕਸਰ ਹੀ ਭਾਵੁਕ ਕਰਨ



ਵਾਲੀਆਂ ਖਬਰਾਂ ਆ ਰਹੀਆਂ ਹਨ। ਇਸ ਵਿਚਾਲੇ ਇੱਕ ਵਾਰ ਫਿਰ ਵੰਡ ਸਮੇਂ 75 ਸਾਲ ਪਹਿਲਾਂ ਵਿਛੜੇ ਭਰਾ-ਭੈਣ ਨੂੰ ਕਰਤਾਰਪੁਰ ਲਾਂਘੇ ਨੇ ਮਿਲਵਾ ਦਿੱਤਾ ਹੈ। ਰਿਪੋਰਟਾਂ ਮੁਤਾਬਕ ਮਹਿੰਦਰ ਕੌਰ ਮਕਬੂਜ਼ਾ ਕਸ਼ਮੀਰ ਵਿੱਚ ਰਹਿੰਦੇ ਆਪਣੇ ਵਿਛੜੇ ਭਰਾ ਸ਼ੇਖ਼ ਅਬਦੁਲ ਅਜ਼ੀਜ਼ ਨੂੰ ਕਰਤਾਰਪੁਰ ਲਾਂਘੇ ’ਤੇ ਮਿਲੀ ਹੈ । ਇਨ੍ਹਾਂ ਦੋਵਾਂ ਨੂੰ ਸੋਸ਼ਲ ਮੀਡੀਆ ਰਾਹੀਂ ਪਤਾ ਲੱਗਿਆ ਸੀ ਕਿ ਉਹ 1947 ਵਿੱਚ ਵਿਛੜੇ ਹੋਏ ਭੈਣ-ਭਰਾ ਹਨ।

ਮਿਲੀ ਜਾਣਕਾਰੀ ਅਨੁਸਾਰ ਵੰਡ ਦੌਰਾਨ ਸ. ਭਜਨ ਸਿੰਘ ਦਾ ਪਰਿਵਾਰ ਪੰਜਾਬ ਵਿੱਚ ਉਸ ਸਮੇਂ ਬਿਖ਼ਰ ਗਿਆ ਜਦੋਂ ਅਜ਼ੀਜ਼ ਮਕਬੂਜ਼ਾ ਕਸ਼ਮੀਰ ਵਿੱਚ ਰਹਿ ਗਿਆ ਤੇ ਬਾਕੀ ਪਰਿਵਾਰ ਭਾਰਤ ਵਿੱਚ ਰਹਿ ਗਿਆ । ਅਜ਼ੀਜ਼ ਦਾ ਛੋਟੀ ਉਮਰ ਵਿੱਚ ਹੀ ਵਿਆਹ ਹੋ ਗਿਆ ਪਰ ਮਾਪਿਆਂ ਤੇ ਪਰਿਵਾਰ ਨਾਲ ਮਿਲਣ ਦੀ ਤਾਂਘ ਹਮੇਸ਼ਾ ਉਸ ਦੇ ਦਿਲ ਵਿੱਚ ਜਿਉਂਦੀ ਰਹੀ।

ਦੱਸ ਦੇਈਏ ਕਿ ਮੁਲਾਕਾਤ ਦੌਰਾਨ ਭਰਾ ਨੂੰ ਦੇਖ ਕੇ ਮਹਿੰਦਰ ਕੌਰ ਦੀਆਂ ਅੱਖਾਂ ਵਿੱਚ ਹੰਝੂ ਸਨ। ਮਹਿੰਦਰ ਕੌਰ ਨੇ ਵਾਰ-ਵਾਰ ਆਪਣੇ ਭਰਾ ਨੂੰ ਗਲੇ ਲਗਾਇਆ ਤੇ ਉਸਦੇ ਹੱਥ ਚੁੰਮੇ। ਦੋਵਾਂ ਪਰਿਵਾਰਾਂ ਨੇ ਇਕੱਠਿਆਂ ਗੁਰਦੁਆਰਾ ਦਰਬਾਰ ਸਾਹਿਬ (ਕਰਤਾਰਪੁਰ ਸਾਹਿਬ) ਵਿੱਚ ਮੱਥਾ ਟੇਕਿਆ । ਉਨ੍ਹਾਂ ਨੇ ਇਸ ਮੌਕੇ ਇੱਕ-ਦੂਜੇ ਨਾਲ ਤੋਹਫ਼ੇ ਵੀ ਦਿੱਤੇ । ਕਰਤਾਰਪੁਰ ਪ੍ਰਸ਼ਾਸਨ ਨੇ ਇਸ ਮੌਕੇ ਦੋਵਾਂ ਪਰਿਵਾਰਾਂ ਦਾ ਨਿੱਘਾ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਫੁੱਲਾਂ ਦੇ ਹਾਰ ਪਾ ਕੇ ਮਠਿਆਈਆਂ ਵੰਡੀਆਂ।

# ਗੁਰਬਾਣੀ ਪ੍ਰਸਾਰਣ ਲਈ ਕਿਸੇ ਇਕ ਚੈਨਲ ਦੀ ਅਜਾਰੇਦਾਰੀ ਨਹੀਂ ਹੋਣੀ ਚਾਹੀਦੀ : ਸਿਮਰਨਜੀਤ ਮਾਨ

ਫ਼ਤਹਿਗੜ੍ਹ ਸਾਹਿਬ - ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਿਮਰਨਜੀਤ ਸਿੰਘ ਮਾਨ ਨੇ ਅੱਜ ਗੁਰਬਾਣੀ ਪ੍ਰਸਾਰਣ ਨੂੰ ਲੈ ਕੇ ਅਪਣੀ ਪ੍ਰਤੀਕਿਰਿਆ ਦਿੱਤੀ। ਉਹਨਾਂ ਨੇ ਕਿਹਾ ਕਿ ਸਮੁੱਚੀ ਮਨੁੱਖਤਾ ਦੀ ਬਿਹਤਰੀ ਅਤੇ ਆਤਮਿਕ ਆਨੰਦ ਲਈ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਪ੍ਰਸਾਰਣ ਕੀਤੀ ਜਾਣ ਵਾਲੀ ਗੁਰਬਾਣੀ ਦੇ ਮੁੱਦੇ ਨਾਲ ਨਾ ਤਾਂ ਐਸ.ਜੀ.ਪੀ.ਸੀ ਅਤੇ ਨਾ ਹੀ ਕਿਸੇ ਚੈਨਲ ਵੱਲੋਂ ਵਪਾਰਿਕ ਸੋਚ ਨੂੰ ਮੁੱਖ ਰੱਖ ਕੇ ਅਜਿਹਾ ਪ੍ਰਸਾਰਣ ਨਹੀਂ ਹੋਣਾ ਚਾਹੀਦਾ, ਜਿਸ ਵੀ



ਟੀ.ਵੀ ਚੈਨਲ ਜਾਂ ਵੈਬ ਚੈਨਲ ਵੱਲੋ ਗੁਰਬਾਣੀ ਦਾ ਪ੍ਰਸਾਰਨ ਕੀਤਾ ਜਾਣਾ ਹੈ, ਉਸ ਵੱਲੋਂ ਗੁਰਬਾਣੀ ਪ੍ਰਚਾਰ ਤੇ ਪ੍ਰਸਾਰ ਕਰਦੇ ਹੋਏ ਇਸ ਦੌਰਾਨ ਕਿਸੇ ਵੀ ਤਰ੍ਹਾਂ ਦੀ ਇਸ਼ਤਿਹਾਰਬਾਜ਼ੀ ਵੀ ਨਹੀਂ ਹੋਣੀ ਚਾਹੀਦੀ ਕਿਉਂਕਿ ਕਰੋੜਾਂ-ਅਰਬਾਂ ਦੀ ਗਿਣਤੀ ਵਿਚ ਗੁਰਬਾਣੀ ਨੂੰ ਸੁਣਨ ਵਾਲੇ ਹਰ ਕੌਮ, ਧਰਮ, ਕਬੀਲੇ ਤੇ ਫਿਰਕੇ ਦੇ ਲੋਕ ਉਸ ਸਮੇਂ ਆਤਮਿਕ ਤੌਰ ’ਤੇ ਉਸ ਅਕਾਲ ਪੁਰਖ ਦੁਨੀਆਂ ਦੇ ਰਚਣਹਾਰੇ ਦੇ ਨਾਲ ਜੁੜੇ ਹੁੰਦੇ ਹਨ ਅਤੇ ਆਪਣਾ ਆਤਮਿਕ ਆਨੰਦ ਪ੍ਰਾਪਤ ਕਰ ਰਹੇ ਹੁੰਦੇ ਹਨ।

# ਮਾਨ ਵੱਲੋਂ ਨਵੀਂ ਸੰਸਦ ਦੇਸ਼ ਨੂੰ ਸਮਰਪਿਤ ਕਰਨ ਮੌਕੇ ਉਦਘਾਟਨੀ ਸਮਾਰੋਹ ਦਾ ਬਾਈਕਾਟ ਕਰਨ ਦਾ ਐਲਾਨ

ਨਵੀਂ ਸੰਸਦ ਦੇ ਉਦਘਾਟਨੀ ਸਮਾਰੋਹ ‘ਚ ਦੇਸ਼ ਦੇ ਰਾਸ਼ਟਰਪਤੀ ਨੂੰ ਸੱਦਾ ਨਾ ਦੇ ਕੇ ਇਸ ਵੱਕਾਰੀ ਅਹੁਦੇ ਦਾ ਅਪਮਾਨ ਕਰਨ ਲਈ ਕੇਂਦਰ ਸਰਕਾਰ ਦੀ ਸਖ਼ਤ ਆਲੋਚਨਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਉਹ 28 ਮਈ ਨੂੰ ਹੋਣ ਵਾਲੇ ਸਮਾਗਮ ਵਿੱਚ ਸ਼ਾਮਲ ਨਹੀਂ ਹੋਣਗੇ। ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਨੇ



ਕਿਹਾ ਕਿ ਜਦੋਂ ਵੀ ਸੰਸਦ ਦਾ ਨਵਾਂ ਇਜਲਾਸ ਬੁਲਾਇਆ ਜਾਂਦਾ ਹੈ ਤਾਂ ਭਾਰਤ ਦੇ ਰਾਸ਼ਟਰਪਤੀ ਵੱਲੋਂ ਹਰ ਸੰਸਦ ਮੈਂਬਰ ਨੂੰ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ ਨਵੀਂ ਸੰਸਦ ਦੇ ਉਦਘਾਟਨ ਮੌਕੇ ਹੋਣ ਵਾਲੇ ਸਮਾਗਮ ਵਿੱਚ ਸਰਕਾਰ ਦੇ ਸੰਵਿਧਾਨਕ ਮੁਖੀ ਨੂੰ ਸੱਦਾ ਤੱਕ ਵੀ ਨਹੀਂ ਦਿੱਤਾ ਗਿਆ।

## ਪੰਜਾਬ ਦੇ ਬਰਨਾਲਾ 'ਚ ਆਨਰ ਕਿਲਿੰਗ, ਲੜਕੀ ਦੇ ਭਰਾ ਤੇ ਪਿਤਾ ਖਿਲਾਫ ਦਰਜ ਐਫ. ਆਈ. ਆਰ.

ਪੰਜਾਬ ਦੇ ਬਰਨਾਲਾ ਜ਼ਿਲ੍ਹੇ ਦੇ ਪਿੰਡ ਟੇਕਰੀਵਾਲ ਵਿੱਚ ਆਨਰ ਕਿਲਿੰਗ ਦਾ ਮਾਮਲਾ ਸਾਹਮਣੇ ਆਇਆ ਹੈ। ਲੜਕੀ ਦੇ ਪਿਤਾ ਤੇ ਉਸ ਦੇ ਭਰਾ ਨੇ ਰਾਤ ਨੂੰ ਆਪਣੀ ਦੋਸਤ ਨੂੰ ਮਿਲਣ ਗਏ ਲੜਕੇ ਨੂੰ ਤੇਜ਼ਧਾਰ ਹਥਿਆਰਾਂ ਨਾਲ ਵੱਢਕੇ ਕਤਲ ਕਰ ਦਿੱਤਾ। ਨਾਲ ਹੀ ਉਨ੍ਹਾਂ ਨੇ ਆਪਣੀ ਧੀ ਦਾ ਵੀ ਗਲਾ ਘੁੱਟ ਕੇ ਕਤਲ ਕਰ ਦਿੱਤਾ।



ਪੁਲਿਸ ਨੇ ਦੋਵਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਹਾਸਲ ਜਾਣਕਾਰੀ ਮੁਤਾਬਕ ਦੋਵਾਂ ਮ੍ਰਿਤਕਾਂ 'ਚ ਲੜਕੀ ਦੀ ਉਮਰ 25 ਸਾਲ ਤੇ ਲੜਕੇ ਦੀ ਉਮਰ 30 ਸਾਲ ਦੱਸੀ ਜਾ ਰਹੀ ਹੈ। ਪੁਲਿਸ ਪ੍ਰਸ਼ਾਸਨ ਨੇ ਮੌਕੇ 'ਤੇ ਪਹੁੰਚ ਕੇ ਸਾਰੀ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਦੋਵਾਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਬਰਨਾਲਾ ਭੇਜ ਦਿੱਤਾ ਗਿਆ ਹੈ।

ਘਟਨਾ ਸਬੰਧੀ ਗੱਲਬਾਤ ਕਰਦਿਆਂ ਡੀਐਸਪੀ ਬਰਨਾਲਾ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਵਿੱਚ ਇਹ ਪ੍ਰੇਮ ਪ੍ਰਸੰਗ ਦਾ ਮਾਮਲਾ ਜਾਪਦਾ ਹੈ। ਦੱਸ ਦਈਏ ਕਿ ਪਿੰਡ ਠੀਕਰੀਵਾਲਾ 'ਚ ਘਰ ਦੇ ਬਾਹਰ ਇੱਕ ਮੰਜੇ 'ਤੇ ਖ਼ੂਨ ਨਾਲ ਲੱਥਪੱਥ ਲਾਸ਼ ਮਿਲੀ। ਲੜਕੀ ਦੀ ਲਾਸ਼ ਘਰ ਦੇ ਅੰਦਰੋਂ ਮਿਲੀ। ਮ੍ਰਿਤਕ ਲੜਕੀ ਦੀ ਪਛਾਣ ਮਨਪ੍ਰੀਤ ਕੌਰ ਅਤੇ ਲੜਕੇ ਦੀ ਪਛਾਣ ਗੁਰਦੀਪ ਸਿੰਘ ਵਜੋਂ ਹੋਈ।

## ਦਰਸ਼ਨ ਕਰਨ ਕੇਦਾਰਨਾਥ ਧਾਮ ਪਹੁੰਚੇ ਅਕਸ਼ੈ ਕੁਮਾਰ, ਲਿਆ ਬਾਬਾ ਭੋਲੇਨਾਥ ਦਾ ਆਸ਼ੀਰਵਾਦ





ਬਾਲੀਵੁੱਡ ਐਕਟਰ ਅਕਸ਼ੈ ਕੁਮਾਰ ਅੱਜ ਚਾਰ ਧਾਮਾਂ ਵਿਚੋਂ ਇਕ ਕੇਦਾਰਨਾਥ ਮੰਦਰ ਵਿਚ ਭਗਤੀ ਦੇ ਰੰਗ ਵਿਚ ਰੰਗੇ ਹੋਏ ਨਜ਼ਰ ਆਏ। ਅਕਸ਼ੈ ਕੁਮਾਰ ਨੇ ਬਾਬਾ ਕੇਦਾਰਨਾਥ ਦੇ ਦਰਸ਼ਨ ਕੀਤੇ ਤੇ ਪੂਜਾ ਅਰਚਨਾ ਕੀਤੀ। ਉਨ੍ਹਾਂ ਦਾ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਿਹਾ ਹੈ। ਇਸ ਦੌਰਾਨ ਉਹ ਸਖਤ ਸੁਰੱਖਿਆ ਵਿਚ ਨਜ਼ਰ ਆਏ। ਅਕਸ਼ੈ ਕੁਮਾਰ ਨੂੰ ਪਹਿਲਾਂ ਮੰਦਰ ਵਿਚ ਪ੍ਰਵੇਸ਼ ਕਰਦੇ ਦੇਖਿਆ ਗਿਆ ਤੇ ਫਿਰ ਉਨ੍ਹਾਂ ਨੇ ਬਾਬਾ ਕੇਦਾਰਨਾਥ ਦੇ ਦਰਸ਼ਨ ਕੀਤੇ। ਇਸ ਦੇ ਬਾਅਦ ਉਹ ਮੰਦਰ ਦੇ ਬਾਹਰ ਆਏ ਤੇ ਆਪਣੇ ਪ੍ਰਸ਼ੰਸਕਾਂ ਲਈ ਹੱਥ ਹਿਲਾਉਂਦੇ ਹੋਏ ਨਜ਼ਰ ਆ ਰਹੇ ਸਨ।

# ਪੰਜਾਬ ਪੁਲਿਸ ਨੂੰ ਮਿਲੀਆਂ 98 ਐਮਰਜੈਂਸੀ ਰਿਸਪਾਂਸ ਗੱਡੀਆਂ

## ਸਰਕਾਰ ਪੁਲਿਸ ਨੂੰ ਹਾਈਟੈਕ ਕਰਨ ਲਈ ਖਰੀਦੇਗੀ ਹੋਰ ਸਮਾਨ

ਅਪਰਾਧ ਨਾਲ ਨਜਿੱਠਣ ਲਈ ਪੰਜਾਬ ਪੁਲਿਸ ਨੂੰ ਵਧੇਰੇ ਪ੍ਰਭਾਵੀ, ਤੁਰੰਤ ਅਤੇ ਜਵਾਬਦੇਹ ਬਣਾਉਣ ਦੇ ਮੰਤਵ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ 98 ਐਮਰਜੈਂਸੀ ਰਿਸਪਾਂਸ ਵਹੀਕਲਜ਼ (ਈ.ਆਰ.ਵੀਜ਼) ਦੇ ਫਲੀਟ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਤਾਂ ਜੋ ਮੁਸ਼ਕਲਾਂ ਵਿੱਚ ਫਸੇ ਵਿਅਕਤੀਆਂ ਨੂੰ ਲੋੜੀਂਦੀਆਂ ਐਮਰਜੈਂਸੀ ਸੇਵਾਵਾਂ ਐਮਰਜੈਂਸੀ ਰਿਸਪਾਂਸ ਸਪੋਰਟ ਸਿਸਟਮ ਜਾਂ ਡਾਇਲ 112 ਉਤੇ ਕਾਲ ਪ੍ਰਾਪਤ ਕਰਨ ਤੋਂ ਬਾਅਦ ਸਮਾਂਬੱਧ ਢੰਗ ਮੁਹੱਈਆ ਕੀਤੀਆਂ ਜਾ ਸਕਣ।

ਮੁੱਖ ਮੰਤਰੀ ਨੇ ਈਆਰਵੀਜ਼ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਸ ਨੂੰ ਕਿਸੇ ਵੀ ਤਰ੍ਹਾਂ ਦੇ ਐਮਰਜੈਂਸੀ ਹਾਲਾਤ ਵਿੱਚ ਲੋਕਾਂ ਦੀ ਮਦਦ



ਕਰਨ ਲਈ ਇਤਿਹਾਸਕ ਪਹਿਲਕਦਮੀ ਦੱਸਿਆ। ਉਨ੍ਹਾਂ ਕਿਹਾ ਕਿ ਮੋਬਾਈਲ ਡੇਟਾ ਟਰਮੀਨਲਜ਼ (ਐਮ.ਡੀ.ਟੀ.) ਅਤੇ ਗਲੋਬਲ ਪੁਜੀਸ਼ਨਿੰਗ ਸਿਸਟਮ (ਜੀ.ਪੀ.ਐਸ.) ਨਾਲ ਲੈਸ ਇਹ ਈ.ਆਰ.ਵੀਜ਼ ਕਿਸੇ ਵੀ ਅਪਰਾਧਿਕ ਘਟਨਾ ਮੌਕੇ ਤੁਰੰਤ ਮੌਕੇ 'ਤੇ ਪਹੁੰਚਣਗੇ ਅਤੇ ਇਹ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਦੇ ਥਾਣਿਆਂ ਅਧੀਨ ਤਾਇਨਾਤ ਕੀਤੇ ਜਾਣਗੇ। ਭਗਵੰਤ ਮਾਨ ਨੇ ਈ.ਆਰ.ਵੀਜ਼. ਦੀ ਸ਼ੁਰੂਆਤ ਨੂੰ ਲੋਕਾਂ ਦੀ ਸਹੂਲਤ ਲਈ ਪੁਲਿਸ ਦੇ ਆਧੁਨਿਕੀਕਰਨ ਵੱਲ ਵੱਡਾ ਕਦਮ ਕਰਾਰ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੀੜਤ ਵਿਅਕਤੀਆਂ ਦੀਆਂ ਸ਼ਿਕਾਇਤਾਂ ਨੂੰ ਹੱਥੀਂ ਨੋਟ ਕਰਨ ਅਤੇ ਫਿਰ 20-25 ਮਿੰਟ ਦੇ ਸਮੇਂ ਵਿੱਚ ਇਸ 'ਤੇ ਕਾਰਵਾਈ ਕਰਨ ਦੀ ਪੁਰਾਣੀ ਪ੍ਰਣਾਲੀ ਦੇ ਉਲਟ ਇਹ ਈ.ਆਰ.ਵੀਜ਼. ਮੌਕੇ 'ਤੇ ਕਾਰਵਾਈ ਕਰਕੇ ਸ਼ਿਕਾਇਤਕਰਤਾ ਦੀ ਤੁਰੰਤ ਮਦਦ ਕਰਨਗੇ। ਉਨ੍ਹਾਂ ਕਿਹਾ ਕਿ ਈ.ਆਰ.ਵੀਜ਼. ਨੂੰ ਪਬਲਿਕ ਸੇਫਟੀ ਆਂਸਰਿੰਗ ਪੁਆਇੰਟ (ਪੀ.ਐਸ.ਏ.ਪੀ.)- ਡਾਇਲ 112 ਦੇ ਕੇਂਦਰੀਕ੍ਰਿਤ ਕਾਲ ਰਿਸੀਵਿੰਗ ਸੈਂਟਰ ਅਤੇ ਐਮ.ਡੀ.ਟੀਜ਼. ਦੀ ਮਦਦ ਨਾਲ ਜ਼ਿਲ੍ਹਾ ਕੋਆਰਡੀਨੇਸ਼ਨ ਸੈਂਟਰ (ਡੀ.ਸੀ.ਸੀ.) ਨਾਲ ਜੋੜਿਆ ਜਾਵੇਗਾ। ਇਸ ਤੋਂ ਇਲਾਵਾ ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਐਮਰਜੈਂਸੀ ਰਿਸਪਾਂਸ ਵਾਹਨਾਂ ਦੀ ਲਾਈਵ ਲੋਕੇਸ਼ਨ ਡਾਇਲ 112 ਕੰਟਰੋਲ ਰੂਮ (ਪੀ.ਐਸ.ਏ.ਪੀ.) ਅਤੇ ਜ਼ਿਲ੍ਹਾ ਕੋਆਰਡੀਨੇਟਰ ਸੈਂਟਰ ਵਿਖੇ ਮੋਬਾਈਲ ਡੇਟਾ ਟਰਮੀਨਲ ਡਿਵਾਈਸਾਂ ਦੀ ਮਦਦ ਨਾਲ ਉਪਲਬਧ ਹੋਵੇਗੀ, ਜਿਸ ਨਾਲ ਲੋਕਾਂ ਦੀ ਸਮਾਂਬੱਧ ਢੰਗ ਨਾਲ ਮਦਦ ਯਕੀਨੀ ਹੋਵੇਗੀ।

## ਬਰਗਾੜੀ ਬੇਅਦਬੀ ਕੇਸ ਦਾ ਮੁੱਖ ਸਾਜ਼ਿਸ਼ਕਰਤਾ ਸੰਦੀਪ ਬਰੇਟਾ ਬੈਂਗਲੂਰੁ ਹਵਾਈ ਅੱਡੇ ਤੋਂ ਗ੍ਰਿਫ਼ਤਾਰ

ਫਰੀਦਕੋਟ ਦੇ 2015 ਦੇ ਬਰਗਾੜੀ ਬੇਅਦਬੀ ਕਾਂਡ ਦੇ ਮੁੱਖ ਸਾਜ਼ਿਸ਼ਕਰਤਾ ਤੇ ਡੇਰਾ ਸਿਰਸਾ ਦੇ ਕੌਮੀ ਕਮੇਟੀ ਮੈਂਬਰ ਸੰਦੀਪ ਬਰੇਟਾ ਨੂੰ ਬੈਂਗਲੁਰੂ ਹਵਾਈ ਅੱਡੇ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਬਰਗਾੜੀ ਬੇਅਦਬੀ ਦੀਆਂ ਤਿੰਨੋਂ ਘਟਨਾਵਾਂ ਵਿੱਚ ਬਰੇਟਾ ਦਾ ਨਾਂ ਹੈ। ਅਦਾਲਤ ਨੇ ਇਨ੍ਹਾਂ ਮਾਮਲਿਆਂ ਵਿੱਚ ਸੰਦੀਪ ਬਰੇਟਾ ਅਤੇ ਕਮੇਟੀ ਦੇ ਦੋ ਹੋਰ ਮੈਂਬਰਾਂ ਹਰਸ਼ ਧੂਰੀ ਅਤੇ ਪ੍ਰਦੀਪ ਕਲੇਰ ਨੂੰ ਵੀ ਭਗੌੜਾ ਕਰਾਰ ਦਿੱਤਾ ਸੀ। ਫ਼ਰੀਦਕੋਟ ਜ਼ਿਲ੍ਹੇ ਦੀ ਪੁਲਿਸ ਟੀਮ ਬੰਗਲੌਰ ਲਈ ਰਵਾਨਾ ਹੋ ਗਈ ਹੈ। ਬਰਗਾੜੀ ਬੇਅਦਬੀ ਮਾਮਲੇ ਨਾਲ ਸਬੰਧਤ ਤਿੰਨੋਂ



ਘਟਨਾਵਾਂ ਵਿੱਚ ਪੰਜਾਬ ਪੁਲਿਸ ਦੀ ਐਸਆਈਟੀ ਨੇ ਰਾਮ ਰਹੀਮ ਤੇ ਹੋਰ ਡੇਰਾ ਪੈਰੋਕਾਰਾਂ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਹੈ ਅਤੇ ਇਨ੍ਹੀਂ ਦਿਨੀਂ ਅਦਾਲਤ ਵਿੱਚ ਸੁਣਵਾਈ ਚੱਲ ਰਹੀ ਹੈ। ਪਰ ਸੁਪਰੀਮ ਕੋਰਟ ਨੇ ਦੋਸ਼ੀ ਡੇਰਾ ਪੈਰੋਕਾਰਾਂ ਦੀ ਪਟੀਸ਼ਨ 'ਤੇ ਤਿੰਨੋਂ ਕੇਸ ਫਰੀਦਕੋਟ ਅਦਾਲਤ ਤੋਂ ਚੰਡੀਗੜ੍ਹ ਸ਼ਿਫਟ ਕਰ ਦਿੱਤੇ। ਐਸਆਈਟੀ ਦੀ ਚਾਰਜਸ਼ੀਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਬਰਗਾੜੀ ਬੇਅਦਬੀ ਕਾਂਡ ਦੀ ਸਾਜ਼ਿਸ਼ ਮਹਿੰਦਰਪਾਲ ਬਿੱਟੂ ਨਾਲ ਮਿਲ ਕੇ ਇਨ੍ਹਾਂ ਤਿੰਨਾਂ ਨੇ ਰਚੀ ਸੀ। ਐਸਆਈਟੀ ਮੁਤਾਬਕ ਬੇਅਦਬੀ ਦੀ ਘਟਨਾ ਤੋਂ ਪਹਿਲਾਂ ਡੇਰਾ ਸਿਰਸਾ ਦੇ ਅਹੁਦੇਦਾਰਾਂ ਨੇ ਸੰਪਰਦਾ ਦੇ ਆਗੂ ਬਲਜੀਤ ਸਿੰਘ ਦਾਦੂਵਾਲ ਨੂੰ ਮਾਰਨ ਦੀ ਸਾਜ਼ਿਸ਼ ਵੀ ਰਚੀ ਸੀ ਪਰ ਉਹ ਇਸ ਵਿੱਚ ਕਾਮਯਾਬ ਨਹੀਂ ਹੋ ਸਕੇ। ਇਸ ਤੋਂ ਬਾਅਦ ਉਸ ਨੇ ਇਸ ਘਿਨਾਉਣੀ ਹਰਕਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾਈ।

## ਮੈਕਸੀਕੋ ਦਾ ਸਭ ਤੋਂ ਖ਼ਤਰਨਾਕ ਜਵਾਲਾਮੁਖੀ ਫਟਿਆ, 30 ਲੱਖ ਲੋਕਾਂ ਲਈ ਅਲਰਟ ਜਾਰੀ

ਮੈਕਸੀਕੋ ਦਾ ਸਭ ਤੋਂ ਖ਼ਤਰਨਾਕ ਜਵਾਲਾਮੁਖੀ ਫਟ ਗਿਆ ਹੈ। ਇਸਨੂੰ ਪੋਪੋਕੇਟਪੇਟਲ ਵਜੋਂ ਜਾਣਿਆ ਜਾਂਦਾ ਹੈ। ਇਹ ਜਵਾਲਾਮੁਖੀ ਮੱਧ ਮੈਕਸੀਕੋ ਵਿੱਚ ਸਥਿਤ ਹੈ। ਜਵਾਲਾਮੁਖੀ ਫਟਣ 'ਤੋਂ ਬਾਅਦ ਐਤਵਾਰ ਨੂੰ ਇਸ ਖੇਤਰ 'ਚ ਅਲਰਟ ਵਧਾ ਦਿੱਤਾ ਗਿਆ ਹੈ। ਸਥਾਨਕ ਪ੍ਰਸ਼ਾਸਨ ਨੇ ਸਕੂਲ ਅਤੇ ਜਨਤਕ ਪਾਰਕਾਂ ਨੂੰ ਬੰਦ ਕਰ ਦਿੱਤਾ ਹੈ। ਇਸ ਤੋਂ ਇਲਾਵਾ ਕਈ ਉਡਾਣਾਂ ਵੀ ਦੇਰੀ ਨਾਲ ਉਡਾਣ ਭਰ ਰਹੀਆਂ ਹਨ। ਮੈਕਸੀਕੋ ਦੇ ਨੈਸ਼ਨਲ ਸਿਵਲ ਪ੍ਰੋਟੈਕਸ਼ਨ ਕੋਆਰਡੀਨੇਸ਼ਨ ਨੇ ਐਤਵਾਰ ਨੂੰ ਯੈਲੋ ਫੇਜ਼ 3 ਅਲਰਟ ਜਾਰੀ ਕੀਤਾ। ਲਗਭਗ 25 ਮਿਲੀਅਨ ਲੋਕ ਜਵਾਲਾਮੁਖੀ ਦੇ 60 ਮੀਲ ਦੇ ਅੰਦਰ ਰਹਿੰਦੇ ਹਨ। ਇਸ ਲਈ ਜਵਾਲਾਮੁਖੀ ਦੇ ਆਲੇ-ਦੁਆਲੇ ਦੇ ਪਿੰਡਾਂ 'ਚ ਰਹਿਣ ਵਾਲੇ ਕਰੀਬ 30 ਲੱਖ ਲੋਕਾਂ ਨੂੰ ਇਲਾਕਾ ਖਾਲੀ ਕਰਨ ਦੀ ਤਿਆਰੀ ਕਰਨ ਲਈ ਕਿਹਾ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਘਰਾਂ ਤੋਂ ਬਾਹਰ ਨਾ ਨਿਕਲਣ ਦੀ ਵੀ ਸਲਾਹ ਦਿੱਤੀ ਗਈ ਹੈ। CNPC ਨੇ ਜਵਾਲਾਮੁਖੀ ਦੇ ਆਸ-ਪਾਸ ਤੇਜ਼ੀ ਨਾਲ ਸੁਆਹ ਫੈਲਣ ਦੀ ਚਿਤਾਵਨੀ ਦਿੱਤੀ ਹੈ। ਇਸ ਤੋਂ ਪਹਿਲਾਂ ਸ਼ਨੀਵਾਰ ਨੂੰ, ਸੁਆਹ ਫੈਲਣ ਤੋਂ ਬਾਅਦ ਮੈਕਸੀਕੋ ਸਿਟੀ ਦੇ ਬੇਨੀਟੋ ਜੁਆਰੇਜ਼ ਅੰਤਰਰਾਸ਼ਟਰੀ ਹਵਾਈ ਅੱਡੇ (193$) ਨੂੰ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਸੀ।

# ਮੌਜੂਦਾ ਖੇਤੀ ਨੂੰ ਲੋੜੀਂਦਾ ਮੋੜਾ, ਪੁਨਰ-ਜਨਕ ਖੇਤੀ !

ਸਮਾਂ ਆਪਣੀ ਚਾਲ ਚੱਲਦਾ ਜਾਂਦਾ ਹੈ, ਸੋ ਜ਼ਰੂਰੀ ਹੁੰਦਾ ਹੈ ਸਮੇਂ ਦੀ ਨਬਜ਼ ਨੂੰ ਪਛਾਣਦਿਆਂ ਸਮੇਂ ਦਾ ਹਾਣੀ ਹੋਣਾ ਅਤੇ ਲੋੜੀਂਦੇ ਬਦਲਾਅ ਨੂੰ ਅਪਣਾਉਣਾ। ਜੋ ਸਮੇਂ ਤੇ ਬਦਲਾਅ ਨੂੰ ਨਹੀਂ ਅਪਣਾਉਂਦੇ ਉਹ ਸਮੇਂ ਦੀ ਪ੍ਰਾਸੰਗਿਕਤਾ ਤੋਂ ਪਿਛੜ ਜਾਂਦੇ ਹਨ।

ਹਰੇ ਇਨਕਲਾਬ ਜਾਂ ਹਰੀ ਕ੍ਰਾਂਤੀ ਨੇ ਭਾਰਤ ਨੂੰ ਭੁੱਖਮਰੀ ਤੋਂ ਬਚਾ ਲਿਆ ਪਰੰਤੂ ਇਸ ਇਨਕਲਾਬ ਨੇ ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਭੂਮੀ ਜਲ ਦੀ ਵਰਤੋਂ ਕਰਨ ਵਾਲਾ ਦੇਸ਼ ਬਣਾ ਦਿੱਤਾ। ਸੰਯੁਕਤ ਰਾਸ਼ਟਰ ਨੇ ਆਪਣੀ 'ਵਿਸ਼ਵ ਜਲ ਵਿਕਾਸ ਰਿਪੋਰਟ 2022' ਵਿੱਚ ਇਸ ਤੱਥ ਦਾ ਖੁਲਾਸਾ ਕੀਤਾ ਕਿ ਭਾਰਤ ਵਿੱਚ ਹਰ ਸਾਲ ਦੁਨੀਆਂ ਦਾ ਭੂ-ਜਲ ਨਿਕਾਸੀ ਦਾ ਇੱਕ-ਚੌਥਾਈ (251 ਕਿਊਬਿਕ ਕਿਮੀ) ਹਿੱਸਾ ਕੱਢਿਆ ਜਾਂਦਾ ਹੈ ਅਤੇ ਭੂਮੀ ਜਲ ਦੇ ਇਸ ਹਿੱਸੇ ਦੇ 90 ਫੀਸਦੀ ਪਾਣੀ ਦੀ ਵਰਤੋਂ ਖੇਤੀਬਾੜੀ ਵਿੱਚ ਕੀਤੀ ਜਾਂਦੀ ਹੈ।

ਮੌਜੂਦਾ ਸਮੇਂ ਵਿੱਚ ਭਾਰਤੀ ਮਿੱਟੀ ਵਿੱਚ ਜੈਬਿਕ ਕਾਰਬਨ ਅਤੇ ਸੂਖਮ ਪੋਸ਼ਕ ਤੱਤਾਂ ਦੀ ਗੰਭੀਰ ਅਤੇ ਵਿਆਪਕ ਘਾਟ ਹੈ। ਸੰਯੁਕਤ ਰਾਸ਼ਟਰ ਦੇ 'ਖਾਦ ਸੁਰੱਖਿਆ ਅਤੇ ਪੋਸ਼ਣ ਦੀ ਸਥਿਤੀ 2022' ਦੇ ਅਨੁਸਾਰ ਜੇਕਰ ਖੇਤੀ ਨਾਲ ਦੇਸ਼ ਦੀ 224.5 ਮਿਲੀਅਨ ਕੁਪੋਸ਼ਿਤ ਆਬਾਦੀ ਦੇ ਲਈ ਖਾਦ ਪਦਾਰਥ



ਉਪਲੱਬਧ ਕਰਵਾਉਣਾ ਹੈ, ਦੇਸ਼ ਦੀ ਅਰਥ ਵਿਵਸਥਾ ਨੂੰ ਚਲਾਉਣਾ ਹੈ ਤਾਂ ਉਸਨੂੰ ਕੁਦਰਤ ਦੇ ਨਾਲ ਸੰਤੁਲਨ ਸਥਾਪਿਤ ਕਰਨ ਦੀ ਜ਼ਰੂਰਤ ਹੈ, ਨਾ ਕਿ ਕੁਦਰਤ ਦੇ ਵਿਰੁੱਧ ਜਾਣ ਦੀ।

ਦੁਨੀਆਂ ਭਰ ਦੇ ਕਿਸਾਨ ਕਾਰਕੁੰਨ ਅਤੇ ਖੇਤੀਬਾੜੀ ਖੋਜ ਸੰਗਠਨ ਇਸ ਕਿਸਮ ਦੇ ਰਸਾਇਣ ਰਹਿਤ ਖੇਤੀਬਾੜੀ ਦੇ ਤਰੀਕੇ ਵਿਕਸਿਤ ਕਰ ਰਹੇ ਹਨ ਜਿਸ ਵਿੱਚ ਕੁਦਰਤੀ ਢੰਗਾਂ ਅਤੇ ਖੇਤੀ ਦੇ ਨਵੇਂ ਤਰੀਕੇ ਜਿਵੇਂ ਕਿ ਫਸਲੀ ਚੱਕਰ ਅਤੇ ਫਸਲੀ ਵਿਭਿੰਨਤਾ ਦੀ ਵਰਤੋਂ ਕੀਤੀ ਜਾ ਸਕਦੀ ਹੈ, ਇਹ ਸਾਰੇ ਪੁਨਰ-ਜਨਕ ਖੇਤੀ ਦੇ ਤਰੀਕੇ ਹਨ। ਇਸ ਸਮੇਂ ਪੁਨਰ-ਜਨਕ ਖੇਤੀ ਦੀ ਕੋਈ ਸਰਵ ਵਿਆਪਕ ਤੌਰ 'ਤੇ ਸਵੀਕਾਰ ਕੀਤੀ ਪਰਿਭਾਸ਼ਾ ਨਹੀਂ ਹੈ, ਇਹ ਆਮ ਤੌਰ 'ਤੇ ਉਨ੍ਹਾਂ ਅਭਿਆਸਾਂ ਨਾਲ ਸਬੰਧਤ ਹੈ ਜੋ ਮਿੱਟੀ ਦੀ ਸਿਹਤ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਮਿੱਟੀ ਵਿੱਚ ਜੈਵਿਕ ਕਾਰਬਨ ਨੂੰ ਬਹਾਲ ਕਰਦੇ ਹਨ। ਪੁਨਰਜਨਕ ਖੇਤੀ ਮੌਜੂਦਾ ਖੇਤੀ ਪ੍ਰਣਾਲੀ ਵਿੱਚ ਸਕਰਾਤਮਕ ਤਬਦੀਲੀਆਂ ਨੂੰ ਉਤਸ਼ਾਹਿਤ ਕਰਨਾ ਹੈ ਜੋ ਕਿਸਾਨਾਂ ਦੇ ਲਈ ਲਾਭਕਾਰੀ ਹੋਣ ਦੇ ਨਾਲ ਨਾਲ ਵਾਤਾਵਰਨ ਪ੍ਰਤੀ ਵੀ ਸਕਰਾਤਮਕ ਰਵੱਈਆ ਰੱਖੇ।

ਮੌਜੂਦਾ ਖੇਤੀ ਪ੍ਰਣਾਲੀ ਦੇ ਨਤੀਜੇ ਵਜੋਂ ਮਿੱਟੀ ਨੂੰ ਲਗਾਤਾਰ ਨੁਕਸਾਨ ਹੋ ਰਿਹਾ ਹੈ। ਅਗਲੇ 50 ਸਾਲਾਂ ਵਿੱਚ ਦੁਨੀਆ ਨੂੰ ਭੋਜਨ ਦੇਣ ਲਈ ਲੋੜੀਂਦੀ ਮਿੱਟੀ ਨਹੀਂ ਹੋ ਸਕਦੀ। ਦੁਨੀਆ ਭਰ ਵਿੱਚ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਜੈਵ ਵਿਭਿੰਨਤਾ ਘਟ ਰਹੀ ਹੈ। ਚਾਰ ਬਿਲੀਅਨ ਏਕੜ ਤੋਂ ਵੱਧ ਖੇਤੀ ਵਾਲੀ ਜ਼ਮੀਨ 'ਤੇ ਮਿੱਟੀ ਨੂੰ ਮੁੜ ਸੁਰਜੀਤ ਕਰਨਾ, ਵਿਸ਼ਵ ਨੂੰ ਭੋਜਨ ਦੇਣ, ਗਲੋਬਲ ਵਾਰਮਿੰਗ ਨੂੰ 2 ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਣ ਅਤੇ ਜੈਵ ਵਿਭਿੰਨਤਾ ਦੇ ਨੁਕਸਾਨ ਨੂੰ ਰੋਕਣ ਲਈ ਜ਼ਰੂਰੀ ਹੈ। ਅਧਿਆਨਾਂ ਤੋਂ ਪਤਾ ਚੱਲਿਆ ਹੈ ਕਿ ਪ੍ਰਤੀ 0.4 ਹੈਕਟੇਅਰ ਮਿੱਟੀ ਦੇ ਕਾਰਬਨਿਕ ਪਦਾਰਥ ਵਿੱਚ 1 ਫੀਸਦੀ ਵਾਧੇ ਨਾਲ ਜਲ ਭੰਡਾਰਨ ਸਮਰੱਥਾ 75,000 ਲੀਟਰ ਵੱਧ ਜਾਂਦੀ ਹੈ।

ਪੁਨਰ-ਜਨਕ ਖੇਤੀ ਇੱਕ ਸੰਪੂਰਨ ਖੇਤੀ ਪ੍ਰਣਾਲੀ ਹੈ ਜੋ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਨੂੰ ਘਟਾਉਣ, ਖੇਤਾਂ ਦੀ ਜੁਤਾਈ ਨੂੰ ਘਟਾਉਣ ਭਾਵ ਘੱਟੋ ਘੱਟ ਖੇਤ ਬਹਾਈ ਨੂੰ ਉਤਸ਼ਾਹਿਤ ਕਰਨਾ, ਪਸ਼ੂਧਨ, ਮਿੱਟੀ ਨੂੰ ਢੱਕ ਕੇ ਰੱਖਣਾ, ਫਸਲੀ ਵਿਭਿੰਨਤਾ ਅਤੇ ਫਸਲੀ ਚੱਕਰ ਅਪਣਾਉਣਾ ਵਰਗੇ ਤਰੀਕਿਆਂ ਰਾਹੀਂ ਮਿੱਟੀ ਦੀ ਸਿਹਤ, ਭੋਜਨ ਦੀ ਗੁਣਵੱਤਾ, ਜੈਵ ਵਿਭਿੰਨਤਾ ਵਿੱਚ ਸੁਧਾਰ, ਪਾਣੀ ਅਤੇ ਹਵਾ ਦੀ ਗੁਣਵੱਤਾ.ਉੱਪਰ ਕੇਂਦ੍ਰਿਤ ਹੈ।

**ਗੋਬਿੰਦਰ ਸਿੰਘ**

# ਟਰਾਂਸਪੋਰਟ ਮੰਤਰੀ ਵਲੋਂ ਆਰ.ਟੀ.ਏ. ਦਫ਼ਤਰ ਦਾ ਅਚਨਚੇਤ ਦੌਰਾ

## ਤਿੰਨ ਥਾਵਾਂ 'ਤੇ 63 ਬੱਸਾਂ ਦੇ ਕਾਗਜ਼ਾਂ ਦੀ ਕੀਤੀ ਜਾਂਚ, ਮੌਕੇ 'ਤੇ ਪੰਜ ਬੱਸਾਂ ਬੰਦ ਤੇ 14 ਦੇ ਕੀਤੇ ਚਲਾਨ

ਜਲੰਧਰ : ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵਲੋਂ ਅੱਜ ਸੋਮਵਾਰ ਦੀ ਸਵੇਰੇ ਆਰ.ਟੀ.ਏ ਦਫ਼ਤਰ ਦਾ ਅਚਨਚੇਤ ਦੌਰਾ ਕਰਨ ਤੋਂ ਇਲਾਵਾ ਸਥਾਨਕ ਰਾਮਾ ਮੰਡੀ ਚੌਕ, ਕਰਤਾਰਪੁਰ ਅਤੇ ਢਿਲਵਾਂ ਟੌਲ ਪਲਾਜ਼ਾ ਵਿਖੇ ਬੱਸਾਂ ਦੀ ਚੈਕਿੰਗ ਕਰਦਿਆਂ ਪੰਜ ਬੱਸਾਂ ਨੂੰ ਬੰਦ ਕਰਵਾਇਆ ਗਿਆ।



ਟਰਾਂਸਪੋਰਟ ਮੰਤਰੀ ਵਲੋਂ ਤਿੰਨ ਥਾਵਾਂ 'ਤੇ 63 ਬੱਸਾਂ ਦੇ ਕਾਗਜ਼ਾਂ ਦੀ ਜਾਂਚ ਦੌਰਾਨ 14 ਬੱਸਾਂ ਨੂੰ ਵੱਖ-ਵੱਖ ਉਲੰਘਣਾਵਾਂ 'ਤੇ ਚਲਾਨ ਵੀ ਜਾਰੀ ਕਰਵਾਏ ਗਏ।

ਟਰਾਂਸਪੋਰਟ ਵਿਭਾਗ ਅਤੇ ਰੀਜ਼ਨਲ ਟਰਾਂਸਪੋਰਟ ਅਥਾਰਟੀ ਦੇ ਅਧਿਕਾਰੀਆਂ ਸਮੇਤ ਟਰਾਂਸਪੋਰਟ ਮੰਤਰੀ ਵਲੋਂ ਸਵੇਰੇ 7:30 ਵਜੇ ਆਰ.ਟੀ.ਏ. ਦਫ਼ਤਰ ਵਿਖੇ ਸਟਾਫ਼ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਨਿਸ਼ਚਿਤ ਸਮੇਂ ਅੰਦਰ ਜਨਤਕ ਸੇਵਾਵਾਂ ਮੁਹੱਈਆ ਕਰਵਾਉਣ ਦੀ ਹਦਾਇਤ ਕੀਤੀ ਗਈ। ਉਨ੍ਹਾਂ ਨੇ ਇਸ ਗੱਲ 'ਤੇ ਵੀ ਤਸੱਲੀ ਪ੍ਰਗਟਾਈ ਕਿ ਸਮੁੱਚਾ ਸਟਾਫ਼ ਸਵੇਰ ਸਮੇਂ ਸਿਰ ਆਪਣੀਆਂ ਸੀਟਾਂ 'ਤੇ ਮੌਜੂਦ ਰਹਿ ਕੇ ਸੇਵਾਵਾਂ ਨਿਭਾ ਰਿਹਾ ਹੈ। ਉਨ੍ਹਾਂ ਵਲੋਂ ਆਰ.ਟੀ.ਏ. ਦਫ਼ਤਰ ਦਾ ਦੌਰਾ ਕਰਕੇ ਸਟਾਫ਼ ਦੇ ਕੰਮਕਾਜ ਬਾਰੇ ਜਾਣਕਾਰੀ ਹਾਸਿਲ ਕਰਦਿਆਂ ਹਾਜ਼ਰੀ ਰਜਿਸਟਰ ਵੀ ਚੈਕ ਕੀਤੇ ਗਏ। ਆਰ.ਟੀ.ਏ. ਦਫ਼ਤਰ ਤੋਂ ਬਾਅਦ ਟਰਾਂਸਪੋਰਟ ਮੰਤਰੀ ਅਧਿਕਾਰੀਆਂ ਸਮੇਤ ਸਥਾਨਕ ਰਾਮਾ ਮੰਡੀ ਚੌਕ, ਕਰਤਾਰਪੁਰ ਅਤੇ ਟੌਲ ਪਲਾਜ਼ਾ ਢਿਲਵਾਂ ਜ਼ਿਲ੍ਹਾ ਕਪੂਰਥਲਾ ਪਹੁੰਚੇ ਜਿਥੇ ਉਨ੍ਹਾਂ ਖੁਦ ਸੜਕ 'ਤੇ ਚੱਲਣ ਵਾਲੀਆਂ ਬੱਸਾਂ ਦੇ ਪਰਮਿਟ, ਟੈਕਸ ਦੇ ਕਾਗਜ਼ਾਂ ਆਦਿ ਦੀ ਜਾਂਚ ਕੀਤੀ। ਟਰਾਂਸਪੋਰਟ ਮੰਤਰੀ ਵਲੋਂ 63 ਬੱਸਾਂ ਦੀ ਜਾਂਚ ਕੀਤੀ ਗਈ ਜਿਨ੍ਹਾਂ ਵਿਚੋਂ ਪੰਜ ਬੱਸਾਂ ਨੂੰ ਮੌਕੇ 'ਤੇ ਬੰਦ ਕੀਤਾ ਗਿਆ ਅਤੇ 14 ਦੇ ਬਣਦੇ ਚਲਾਨ ਕਰਵਾਏ। ਟਰਾਂਸਪੋਰਟ ਮੰਤਰੀ ਨੇ ਦੱਸਿਆ ਕਿ ਵੈਲਿਡ ਦਸਤਾਵੇਜ਼ਾਂ ਜਿਸ ਵਿੱਚ ਟੈਕਸ, ਟੂਰ ਦਾ ਵੇਰਵਾ ਅਤੇ ਪਰਮਿਟ ਆਦਿ ਸ਼ਾਮਿਲ ਹਨ ਤੋਂ ਬਿਨਾਂ ਕਿਸੇ ਵੀ ਬੱਸ ਨੂੰ ਸੜਕ 'ਤੇ ਨਹੀਂ ਚੱਲਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਅਚਨਚੇਤ ਜਾਂਚ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ ਬੱਸਾਂ ਦੇ ਚਲਾਣ ਕੱਟੇ ਜਾਣ ਅਤੇ ਉਨ੍ਹਾਂ ਨੂੰ ਜ਼ਬਤ ਕੀਤਾ ਜਾਵੇ।

# ਹੇਮਕੁੰਟ ਸਾਹਿਬ ਲਈ ਜਲਦ ਸ਼ੁਰੂ ਹੋਵੇਗੀ ਹੈਲੀ ਸਰਵਿਸ, ਜਾਣੋ ਕਿੰਨਾ ਹੋਵੇਗਾ ਕਿਰਾਇਆ

ਸ੍ਰੀ ਹੇਮਕੁੰਟ ਸਾਹਿਬ ਲਈ ਜਲਦੀ ਹੀ ਹੈਲੀਕਾਪਟਰ ਸੇਵਾ ਸ਼ੁਰੂ ਹੋਵੇਗੀ। ਡੀਜੀਸੀਏ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਜਲਦੀ ਹੀ ਹੈਲੀ ਸਰਵਿਸ ਸ਼ੁਰੂ ਕਰ ਦਿੱਤੀ ਜਾਵੇਗੀ। ਮੀਡੀਆ ਰਿਪੋਰਟਾਂ ਮੁਤਾਬਕ ਇਸ ਵਾਰ ਹੇਮਕੁੰਟ ਸਾਹਿਬ ਲਈ ਹੈਲੀ ਸਰਵਿਸ ਦਾ ਕਿਰਾਇਆ ਨਹੀਂ ਵਧਾਇਆ ਜਾਵੇਗਾ। ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਹੈਲੀ ਸਰਵਿਸ ਦੇ ਦੋਵਾਂ ਪਾਸਿਆਂ ਦਾ ਕਿਰਾਇਆ 5950 ਰੁਪਏ ਹੋਵੇਗਾ।



ਦੱਸ ਦਈਏ ਕਿ ਹੇਮਕੁੰਟ ਸਾਹਿਬ ਦੀ ਯਾਤਰਾ ਸ਼ੁਰੂ ਹੋ ਚੁੱਕੀ ਹੈ। ਪਿਛਲੇ ਸਾਲ ਦੀ ਤਰ੍ਹਾਂ, ਉੱਤਰਾਖੰਡ ਸਿਵਲ ਐਵੀਏਸ਼ਨ ਡਿਵੈਲਪਮੈਂਟ ਅਥਾਰਟੀ ਨੇ ਗੋਵਿੰਦਘਾਟ ਤੋਂ ਘੰਘਰੀਆ ਤੱਕ ਹੈਲੀ ਸੇਵਾ ਦਾ ਦੋ-ਪੱਖੀ ਕਿਰਾਇਆ 5,950 ਰੁਪਏ ਪ੍ਰਤੀ ਯਾਤਰੀ ਤੈਅ ਕੀਤਾ ਹੈ। ਜਲਦ ਹੀ ਸ਼ਰਧਾਲੂਆਂ ਲਈ ਹੈਲੀ ਸਰਵਿਸ ਸ਼ੁਰੂ ਹੋ ਜਾਵੇਗੀ।

**ਹੇਮਕੁੰਟ ਸਮੁੰਦਰ ਤਲ ਤੋਂ 4329 ਮੀਟਰ ਦੀ ਉਚਾਈ 'ਤੇ**

ਸ੍ਰੀ ਮਕੁੰਟ ਸਾਹਿਬ ਸਿੱਖਾਂ ਦਾ ਇੱਕ ਪਵਿੱਤਰ ਧਾਰਮਿਕ ਸਥਾਨ ਹੈ ਜੋ ਉੱਤਰਾਖੰਡ ਦੇ ਗੜ੍ਹਵਾਲ ਮੰਡਲ ਵਿੱਚ ਹੈ। ਹਰ ਸਾਲ ਦੇਸ਼-ਵਿਦੇਸ਼ ਤੋਂ ਲੱਖਾਂ ਸ਼ਰਧਾਲੂ ਇੱਥੇ ਦਰਸ਼ਨਾਂ ਲਈ ਆਉਂਦੇ ਹਨ। ਹੇਮਕੁੰਟ ਸਾਹਿਬ ਸਮੁੰਦਰ ਤਲ ਤੋਂ 4329 ਮੀਟਰ ਦੀ ਉਚਾਈ 'ਤੇ ਹੈ। ਇੱਥੇ ਸਾਲ ਵਿੱਚ 7-8 ਮਹੀਨੇ ਬਰਫ ਜੰਮੀ ਰਹਿੰਦੀ ਹੈ ਤੇ ਮੌਸਮ ਬਹੁਤ ਠੰਢਾ ਰਹਿੰਦਾ ਹੈ। ਹੇਮਕੁੰਟ ਸੰਸਕ੍ਰਿਤ ਦਾ ਸ਼ਬਦ ਹੈ ਜਿਸਦਾ ਅਰਥ ਹੈ ਬਰਫ਼ ਦਾ ਪੂਲ। ਇਸ ਛੱਪੜ ਦੇ ਕੰਢੇ ਸਿੱਖਾਂ ਦਾ ਪ੍ਰਸਿੱਧ ਗੁਰਦੁਆਰਾ ਹੈ।